# ਅੰਮ੍ਰਿਤ ਕੀਰਤਨ
# Amrit Kirtan

ੴ

ਮਈ 2007



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 5 ◆ ਸਾਲ ਉਨ੍ਹੀਵਾਂ ◆ ਮਈ 2007

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com

| | |
|---|---|
| ਕਰਉ ਬੇਨੰਤੀਆ<br>*ਸੰਪਾਦਕੀ* | 2 |
| ਗੁਰੂ ਨਾਨਕ ਬਾਣੀ ਦਾ ਰਾਗ ਪ੍ਰਬੰਧ<br>*ਡਾ. ਜਾਗੀਰ ਸਿੰਘ* | 3 |
| ਕੀਰਤ ਤੇ ਕਿਰਤ<br>*ਕਰਤਾਰ ਸਿੰਘ ਨੀਲਧਾਰੀ* | 8 |
| ਟਕਸਾਲੀ ਕੀਰਤਨੀਏ ਭਾਈ ਸਾਹਿਬ ਭਾਈ ਕਿਰਪਾਲ ਸਿੰਘ ਜੀ<br>*ਭਾਈ ਕਰਮ ਸਿੰਘ ਰਤਨ* | 12 |
| ਆਓ ਤਲਵੰਡੀ ਸਾਬੋ ਦੀ ਵਿਸਾਖੀ ਵੇਖੀਏ<br>*ਪ੍ਰੋ: ਨਵ ਸੰਗੀਤ ਸਿੰਘ* | 18 |
| ਦਸਤਕ<br>*ਜਗਤਾਰਜੀਤ* | 20 |
| ਮਰਦਾਨੇ ਤੇਰੇ ਦੀ ਮੈਂ ਹੋਵਾਂ ਰਬਾਬ<br>*ਡਾ. ਤੇਜ ਪਾਲ ਸਿੰਘ 'ਤੇਜ'* | 21 |
| ਸੁਰ ਲਿਪੀ<br>*ਹਰਦੀਪ ਕੌਰ* | 22 |
| ਸੁਰ ਲਿਪੀ ਵਾਲੇ ਸ਼ਬਦ ਦੇ ਅਰਥ<br>*ਹਰਦੀਪ ਕੌਰ* | 24 |

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
sohal specials
Designers & Printers
Phone: 98145 25351

# ਸੰਖੇਪ ਸੁਨੇਹਿਆਂ ਦੀ ਉਡੀਕ

ਪਿਛਲੇ ਕੁਝ ਮਹੀਨਿਆਂ ਵਿਚ ਦਫ਼ਤਰੀ ਡਿਊਟੀ ਅਧੀਨ ਮੈਨੂੰ ਚੰਡੀਗੜ੍ਹੋਂ ਬਾਹਰ ਜਾਣਾ ਪਿਆ। ਸਿਹਤ ਦੀ ਚੁਣੌਤੀ ਕਰਕੇ ਮੈਂ ਸਫ਼ਰ ਘੱਟ ਹੀ ਕਰਦਾ ਹਾਂ। ਪਰ ਇਹ ਸਫ਼ਰ ਜਰੂਰੀ ਸੀ। ਇਸੇ ਡਿਊਟੀ ਅਧੀਨ ਹੀ ਬਹੁਤ ਸਾਰੇ ਲੋਕਾਂ ਨਾਲ ਮੇਲ ਮਿਲਾਪ ਵੀ ਹੁੰਦਾ ਰਿਹਾ। ਪਰ ਕੁਝ ਅਜਿਹੇ ਲੋਕਾਂ ਨੂੰ ਮਿਲਿਆ ਜਿਹਨਾਂ ਕਾਰਨ ਮੇਰੇ ਇਹ ਸਫ਼ਰ ਹੁਣ ਮੈਨੂੰ ਸਫ਼ਲ ਜਾਪਣ ਲੱਗ ਪਏ ਹਨ।

ਇਕ ਥਾਂ 'ਤੇ ਸਾਨੂੰ ਬੜਾ ਪਿਆਰ-ਸਤਿਕਾਰ ਦਿੱਤਾ ਗਿਆ ਭਾਵੇਂ ਕਿ ਅਸੀਂ ਦਫਤਰੀ ਤੌਰ 'ਤੇ ਉਨ੍ਹਾਂ ਦੀ ਆਸ ਮੁਤਾਬਕ ਕੰਮ ਨਹੀਂ ਸੀ ਆ ਸਕੇ। ਮੈਂ ਵਾਪਸੀ ਤੇ ਉਨ੍ਹਾਂ ਨੂੰ ਮੁਬਾਈਲ ਤੇ ਧੰਨਵਾਦ ਦਾ ਸੁਨੇਹਾ ਭੇਜਿਆ। ਉਹਨਾਂ ਦੇ ਜੁਆਬ ਵਿਚ ਮੈਨੂੰ ਜਿਹੜਾ ਸੁਨੇਹਾ ਭੇਜਿਆ ਉਹ ਬੜਾ ਪ੍ਰਭਾਵਸ਼ਾਲੀ ਸੀ ਤੇ ਉਸ ਤੋਂ ਸੁਨੇਹਿਆਂ ਦਾ ਇਕ ਸਿਲਸਿਲਾ ਸ਼ੁਰੂ ਹੋ ਗਿਆ ਤੇ ਇਕ ਨਵੀਂ ਹੀ ਕਹਾਣੀ ਦਾ ਆਗਾਜ਼ ਹੋਇਆ। ਉਹਨਾਂ ਦਾ ਇਹ ਸੁਨੇਹਾ ਸੀ:-

*ਵਕਤ ਨੂਰ ਕੋ ਬੇਨੂਰ ਕਰ ਦੇਤਾ ਹੈ, ਥੋੜੇ ਸੇ ਜ਼ਖਮ ਕੋ ਨਾਸੂਰ ਕਰ ਦੇਤਾ ਹੈ।*
*ਕੌਨ ਚਾਹਤਾ ਹੈ ਅਪਨੋ ਸੇ ਦੂਰ ਰਹਨੇ ਕੋ, ਵਕਤ ਸਭ ਕੋ ਮਜ਼ਬੂਰ ਕਰ ਦੇਤਾ ਹੈ।*

ਉਹਨਾਂ ਵਲੋਂ ਆਏ ਕੁਝ ਹੋਰ ਸੁਨੇਹੇ ਬੜੇ ਭਾਵ ਪੂਰਤ ਹਨ ਉਹ ਬਿਨਾਂ ਕਿਸੇ ਟਿਪਣੀ ਦੇ ਪੇਸ਼ ਕਰ ਰਿਹਾ ਹਾਂ।

▲ On the path of life success always lays big Os. Many read them as Obstacles and few read them opportunities.

▲ What ever is beautiful for you, what is meaningful to you, what ever gives you happiness, may all that be your today, tomorrow and forever.

▲ Beautiful pictures are developed by negatives in a dark room. So if you see darkness in your life it means.... God is developing a beautiful picture for you.

▲ The sweetness of chocolate remains in tongue for minutes but sweetness of a person like you remains in heart for ever, till the ends.

▲ Smile is a language of love, smile is a way to success, smile is to win the hearts, smile makes every moment worth living, so keep smiling.

▲ If I was a bird i would be standing at your window guarding your eyes from the sun light with my wings waiting for you to wake up, just to say you good morning.

▲ A rose for your sweet nature, a lotus for being good friend, a marigold for your care, a tulip for your concern, and 1000 bouquets to your friendship.

▲ I think you are very careless. You come and leave things behind. See now what you have left! You must came into my mind and left to smile on my face.

▲ Good things come to those who wait. Better things come to those who try.

ਹੁਣ ਉਨ੍ਹਾਂ ਦੇ ਸੁਨੇਹੇ ਦੀ ਹਰ ਰੋਜ਼ ਉਡੀਕ ਰਹਿੰਦੀ ਹੈ। ਕਿਉਂਕਿ ਜਦੋਂ ਅਜਿਹਾ ਕੋਈ ਸੁਨੇਹਾ ਸਵੇਰੇ ਸਵੇਰੇ ਪ੍ਰਾਪਤ ਹੋ ਜਾਂਦਾ ਹੈ ਤਾਂ ਸਾਰਾ ਦਿਨ ਬੜਾ ਚੰਗਾ ਲੰਘਦਾ ਹੈ। ਤਾਂ ਹੀ ਸਿਆਣੇ ਆਖਦੇ ਹਨ ਕਿ ਸਵੇਰੇ ਸਵੇਰੇ ਚੰਗੀਆਂ ਗੱਲਾਂ ਕਹਿਣੀਆਂ ਤੇ ਸੁਣਨੀਆਂ ਚਾਹੀਦੀਆਂ ਹਨ। ਇਸ ਕਰਕੇ ਆਪਾਂ ਵੀ ਚੰਗਾ ਸੁਨੇਹਾ ਭੇਜਣ ਦੀ ਆਦਤ ਪਾਈਏ।

# ਗੁਰੂ ਨਾਨਕ ਬਾਣੀ ਦਾ ਰਾਗ ਪ੍ਰਬੰਧ

ਡਾ. ਜਾਗੀਰ ਸਿੰਘ

**ਰਾਗ ਪਰੰਪਰਾ:**

ਰਾਗ ਭਾਰਤੀ ਸੰਗੀਤ ਦੀ ਨੀਂਹ ਹੈ। ਅਚਾਰੀਆਂ ਨੇ ਸੰਗੀਤ ਦੀ ਪਰਿਭਾਸ਼ਾ ਕਰਦਿਆਂ ਗਾਇਨ, ਵਾਦਨ ਅਤੇ ਨਰਿਤ ਤਿੰਨਾਂ ਨੂੰ ਸੰਗੀਤ ਕਿਹਾ ਹੈ। ਇਨ੍ਹਾਂ ਤਿੰਨਾਂ ਵਿਚ ਗਾਇਨ ਪ੍ਰਮੁੱਖ ਹੈ। ਗਾਇਨ ਦਾ ਅਨੁਕਰਣ ਵਾਦਨ ਅਤੇ ਵਾਦਨ ਦਾ ਅਨੁਕਰਣ ਨਰਿਤ ਕਰਦਾ ਹੈ। ਇਸ ਲਈ ਗਾਇਨ ਸਭ ਤੋਂ ਵਧ ਮਹੱਤਵਪੂਰਨ ਹੈ। ਗਾਇਨ ਵਿਚ ਸੁਰਾਂ ਅਤੇ ਵਰਣਾਂ ਨਾਲ ਸਜੀ ਹੋਈ ਧੁਨੀ ਨੂੰ ਰਾਗ ਕਿਹਾ ਜਾਂਦਾ ਹੈ। ਸੰਗੀਤ ਪਾਰਿਜਾਤ ਵਿਚ ਸੁਰਾਂ ਦੇ ਇਕ ਮਨੋਰੰਜਕ ਸਮੂਹ ਨੂੰ ਰਾਗ ਦੀ ਸੰਗਿਆ ਦਿੱਤੀ ਗਈ ਹੈ।

**ਪੂਰਬ ਗੁਰੂ ਕਾਲ ਦੀ ਰਾਗ ਪਰੰਪਰਾ:**

ਰਾਗ ਦੀ ਉਤਪਤੀ ਕਦੋਂ ਹੋਈ, ਇਸ ਸਬੰਧੀ ਸੰਗੀਤ ਅਚਾਰੀਆਂ ਨੇ ਸਪਸ਼ਟ ਕੁਝ ਨਹੀਂ ਲਿਖਿਆ। ਸੰਗੀਤ ਗ੍ਰੰਥਾਂ ਦੀ ਮਨੌਤ ਅਨੁਸਾਰ ਰਾਗ ਦੀ ਸਿਰਜਣਾ ਸ਼ੰਕਰ ਭਗਵਾਨ ਨੇ ਕੀਤੀ। ਸੰਗੀਤ ਦਰਪਣ ਵਿਚ ਲਿਖਿਆ ਹੈ: 'ਸ਼ਿਵ ਅਤੇ ਸ਼ਕਤੀ ਇਨ੍ਹਾਂ ਦੋਹਾਂ ਦੇ ਮੇਲ ਨਾਲ ਰਾਗ ਉਤਪੰਨ ਹੋਏ। ਸ਼ੰਕਰ ਭਗਵਾਨ ਨੇ ਪੰਜਾਂ ਮੂੰਹਾਂ ਤੋਂ ਪੰਜ ਰਾਗ ਅਤੇ ਛੇਵਾਂ ਰਾਗ ਪਾਰਬਤੀ ਦੇ ਮੂੰਹ ਤੋਂ ਨਿਕਲਿਆ ਸੀ। ਭਾਰਤੀ ਸੰਗੀਤ ਦੇ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਰਾਗ ਦੀ ਉਤਪਤੀ ਵਿਚ ਲੰਮੇ ਸਮੇਂ ਦੀ ਪ੍ਰਕਿਰਿਆ ਦਾ ਯੋਗਦਾਨ ਹੈ।

ਭਾਰਤ ਵਿਚ ਸੰਗੀਤ ਵੇਦਾਂ ਤੋਂ ਪਹਿਲਾਂ ਸਿੰਧੂ ਘਾਟੀ ਦੀ ਸਭਿਅਤਾ ਵੇਲੇ ਮੌਜੂਦ ਸੀ। ਵੇਦਾਂ ਦੇ ਮੰਤਰ ਜਿਨ੍ਹਾਂ ਸੁਰਾਂ ਵਿਚ ਗਾਏ ਜਾਂਦੇ ਸਨ ਉਨ੍ਹਾਂ ਨੂੰ ਉਦਾਤ, ਅਨੁਦਾਤ ਅਤੇ ਸਵਰਿਤ ਕਿਹਾ ਜਾਂਦਾ ਸੀ। ਪਰ ਇਥੇ ਰਾਗ ਸਬੰਧੀ ਕੋਈ ਵਿਵਰਣ ਨਹੀਂ ਮਿਲਦਾ।

ਭਾਰਤੀ ਸੰਗੀਤ ਸਬੰਧੀ ਪਹਿਲਾ ਪ੍ਰਮਾਣਿਕ ਪ੍ਰਾਪਤ ਗ੍ਰੰਥ ਭਰਤ ਦਾ ਨਾਟ ਸ਼ਾਸਤਰ ਹੈ। ਇਸ ਗ੍ਰੰਥ ਵਿਚ ਪ੍ਰਾਚੀਨ ਭਾਰਤੀ ਨਾਟਕ ਦੇ ਵੱਖ ਵੱਖ ਅੰਗਾਂ ਦਾ ਵਿਸਥਾਰ ਸਹਿਤ ਵਿਵੇਚਨ ਕਰਨ ਦੇ ਨਾਲ ਨਾਲ ਸੰਗੀਤ ਦਾ ਵੀ ਉਲੇਖ ਕੀਤਾ ਗਿਆ ਹੈ। ਇਸ ਗ੍ਰੰਥ ਵਿਚ ਗਾਇਨ ਸਬੰਧੀ ਸ਼ਰੁਤੀ, ਸ਼ੜਜ਼ ਗਰਾਮ, ਮਧਮ ਗਰਾਮ ਅਤੇ 18 ਜਾਤੀਆਂ ਆਦਿ ਦਾ ਵਰਨਣ ਤਾਂ ਕੀਤਾ ਗਿਆ ਹੈ ਪਰ ਰਾਗ ਦਾ ਸਪਸ਼ਟ ਉਲੇਖ ਇਥੇ ਵੀ ਨਹੀਂ ਮਿਲਦਾ। ਇਸ ਤੋਂ ਕਈ ਵਿਦਵਾਨ ਇਹ ਨਤੀਜਾ ਕੱਢ ਲੈਂਦੇ ਹਨ ਕਿ ਇਸ ਵੇਲੇ ਰਾਗ ਗਾਇਨ ਦਾ ਪ੍ਰਚਾਰ ਨਹੀਂ ਸੀ ਹੋਇਆ। ਪਰ ਕੁਝ ਵਿਦਵਾਨ ਇਸ ਮਤ ਨਾਲ ਸਹਿਮਤ ਨਹੀਂ। ਅਚਾਰੀਆ ਬ੍ਰਹਸਪਤੀ ਨੇ ਨਾਟ ਸ਼ਾਸਤਰ ਵਿਚੋਂ ਕੁਝ ਉਦਾਹਰਨਾ ਦੇ ਦੇ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਉਸ ਵੇਲੇ ਰਾਗ ਗਾਇਨ ਪ੍ਰਚਲਤ ਸੀ।

ਰਾਗ ਸ਼ਬਦ ਦਾ ਪਹਿਲੀ ਵਾਰ ਸਪਸ਼ਟ ਪ੍ਰਯੋਗ ਮਤੰਗ ਰਚਿਤ ਬ੍ਰਿਹਦੇਸ਼ੀ ਗ੍ਰੰਥ ਵਿਚ ਹੋਇਆ ਹੈ। ਇਸ ਵਿਚ ਜਿਹੜੇ ਰਾਗਾਂ ਦਾ ਉਲੇਖ ਕੀਤਾ ਹੈ ਉਨ੍ਹਾਂ ਵਿਚੋਂ ਕੁਝ ਰਾਗਾਂ ਦੇ ਨਾਂ ਇਸ ਪ੍ਰਕਾਰ ਹਨ: ਸ਼ੁੱਧ ਸ਼ਾਡਵ, ਸ਼ੁਧ ਸਾਧਾਰਿਤ, ਸ਼ੁਧ ਕੈਸ਼ਿਕ ਮਧਿਅਮ, ਸ਼ੁੱਧ ਕੈਸ਼ਿਕ ਭਿੰਨ ਸ਼ਡਜ਼, ਭਿੰਨ ਪੰਚਮ, ਭਿੰਨ ਕੈਸ਼ਿਕ ਮਾਧਿਅਮ, ਭਿੰਨਤਾਨ, ਗੌਡ ਪੰਚਮ, ਗੌਡ ਕੈਸ਼ਿਕ, ਗੌਡ ਕੈਸ਼ਿਕ ਮਾਧਿਅਮ, ਟੱਕ, ਸੋਵੀਰਕ, ਮਾਲਵ ਪੰਚਮ, ਬੇਭਰ ਸ਼ਾਡਵ ਵੋੱਟ, ਭਿੰਦਲੋਕ, ਟੱਕ ਕੋਸ਼ਿਕ, ਮਾਲਵਕੋਸ਼ਿਕ, ਨਰਤ, ਸ਼ਕ, ਕੁਕਭ ਮੰਮਾਣ ਪੰਚਮ, ਰੂਪ ਸਾਧਾਰਤ, ਗਾਂਧਾਰ ਪੰਚਮ, ਪਚੰਮ ਸ਼ਾਡਵ, ਰੇਵ ਗੁਪਤ, ਟੱਕ ਸੈਂਧਵ।

ਇਸ ਤੋਂ ਬਾਅਦ ਸੰਗੀਤ ਮਕਰੰਦ ਗ੍ਰੰਥ ਦੀ ਰਚਨਾ ਹੋਈ। ਨਾਰਦ ਰਚਿਤ ਇਸ ਗ੍ਰੰਥ ਵਿਚ 93 ਪ੍ਰਚਲਤ ਰਾਗਾਂ ਨੂੰ ਚਾਰ ਢੰਗਾਂ ਨਾਲ ਵੰਡਿਆ ਗਿਆ ਹੈ:

ੳ) ਲਿੰਗ ਅਨੁਸਾਰ: ਪੁਰਖ ਰਾਗ, ਇਸਤਰੀ ਰਾਗ, ਨਪੁਸੰਕ ਰਾਗ।

ਅ) ਕੰਪਨ ਅਨੁਸਾਰ: ਪੂਰਨ ਕੰਪਨ ਵਾਲੇ ਰਾਗ ਨੂੰ 'ਮੁਕਤਾਂਗ' ਕੰਪਿਤ, ਘੱਟ ਕੰਪਨ ਵਾਲੇ ਰਾਗਾਂ ਨੂੰ ਅਰਧ-ਕੰਪਿਤ ਤੇ ਜਿਨ੍ਹਾਂ ਰਾਗਾਂ ਵਿਚ ਕੰਪਨ ਦਾ ਅਭਾਵ ਦਿੱਸਿਆ ਉਨ੍ਹਾਂ ਨੂੰ ਕੰਪ ਵਿਹੀਨ ਨਾਮ ਦਿੱਤਾ ਗਿਆ।

ੲ) ਜਾਤੀ ਅਨੁਸਾਰ: ਕੁਝ ਰਾਗਾਂ ਦੀ ਵੰਡ ਜਾਤੀਆਂ

ਦੇ ਅਧਾਰ ਤੇ ਕੀਤੀ ਗਈ ਹੈ ਜਿਵੇਂ ਸੰਪੂਰਣ, ਸ਼ਾਡਵ ਤੇ ਔਡਵ।

ਸ) ਚੌਥੀ ਪ੍ਰਣਾਲੀ ਵਿਚ ਰਾਗਾਂ ਦੀ ਸਮੇਂ ਅਨੁਸਾਰ ਵੰਡ ਕੀਤੀ ਗਈ ਹੈ।

ਇਸ ਗ੍ਰੰਥ ਤੋਂ ਬਾਅਦ ਬਾਰ੍ਹਵੀਂ ਸਦੀ ਵਿਚ ਇਕ ਮਹੱਤਵਪੂਰਨ ਗ੍ਰੰਥ ਸੰਗੀਤ ਰਤਨਾਕਰ ਰਚਿਆ ਗਿਆ। ਸ਼ਾਰੰਗ ਦੇਵ ਦਾ ਇਹ ਗ੍ਰੰਥ ਭਾਰਤੀ ਸੰਗੀਤ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਕੜੀ ਹੈ। ਇਸ ਵਿਚ ਪ੍ਰਸਿੱਧ ਪੂਰਵ-ਰਾਗਾਂ ਦਾ ਅਤੇ ਤਤਕਾਲੀਨ ਪ੍ਰਚਲਤ ਰਾਗਾਂ ਦਾ ਵਰਣਨ ਕੀਤਾ ਗਿਆ ਹੈ।

ਸਾਰੰਗਦੇਵ ਤੋਂ ਬਾਅਦ 14ਵੀਂ ਸਦੀ ਵਿਚ ਭਾਰਤੀ ਸੰਗੀਤ ਵਿਚ ਇਕ ਮਹਾਨ ਪਰਿਵਰਤਨ ਆਇਆ। ਮੁਸਲਮਾਨਾਂ ਦੇ ਭਾਰਤ ਵਿਚ ਆਉਣ ਨਾਲ ਮੁਸਲਮਾਨੀ ਸਭਿਆਚਾਰ ਦਾ ਜਿਥੇ ਭਾਰਤੀ ਸਭਿਆਚਾਰ ਤੇ ਹੋਰ ਪੱਖਾਂ ਤੇ ਪ੍ਰਭਾਵ ਪਿਆ ਉਥੇ ਸੰਗੀਤ ਉਤੇ ਵੀ ਇਸ ਦਾ ਪ੍ਰਭਾਵ ਪੈਣਾ ਕੁਦਰਤੀ ਸੀ। ਉਸ ਵੇਲੇ ਦੇ ਵਿਦਵਾਨ ਅਮੀਰ ਖੁਸਰੋ ਨੇ ਭਾਰਤੀ ਸੰਗੀਤ ਨੂੰ ਕਈ ਨਵੇਂ ਰਾਗ, ਨਵੇਂ ਸਾਜ਼ ਤੇ ਨਵੀਆਂ ਗਾਇਨ ਸ਼ੈਲੀਆਂ ਪ੍ਰਦਾਨ ਕੀਤੀਆਂ।

ਲੋਕ ਰਾਗ:

ਸ਼ਾਸਤਰੀ ਸੰਗੀਤ ਵਿਚ ਰਾਗ ਨੂੰ ਪਹਿਲ ਦਿੱਤੀ ਜਾਂਦੀ ਹੈ ਪਰ ਲੋਕ ਸੰਗੀਤ ਵਿਚ ਕਾਵਿ ਦੀ ਪ੍ਰਧਾਨਤਾ ਹੈ। ਸ਼ਾਸਤਰੀ ਸੰਗੀਤ ਵਿਚ ਪਹਿਲਾਂ ਰਾਗ ਦੀ ਚੋਣ ਫਿਰ ਉਸ ਅਨੁਸਾਰ ਕਿਸੇ ਕਾਵਿ-ਬੰਦ ਨੂੰ ਗਾ ਕੇ ਰਾਗ ਦਾ ਸਰੂਪ ਦਰਸਾਇਆ ਜਾਂਦਾ ਹੈ ਪਰ ਲੋਕ ਸੰਗੀਤ ਵਿਚ ਕਾਵਿ ਦੇ ਅਨੁਸਾਰੀ ਰਾਗ ਨੂੰ ਸਹਾਇਕ ਦੇ ਰੂਪ ਵਿਚ ਪ੍ਰਯੋਗ ਕੀਤਾ ਜਾਂਦਾ ਹੈ ਅਤੇ ਕਈ ਵਾਰ ਲੋਕ ਗੀਤ ਆਪਣੇ ਆਪ ਹੀ ਕੋਈ ਰਾਗ ਵਰਗੀ ਧੁਨ ਸਿਰਜ ਲੈਂਦਾ ਹੈ। ਬਹੁਤੇ ਰਾਗ ਇਨ੍ਹਾਂ ਲੋਕ ਗੀਤਾਂ ਅਨੁਸਾਰ ਆਪਣੇ ਆਪ ਉਪਜੀਆਂ ਧੁਨਾਂ ਦਾ ਹੀ ਸੋਧਿਆ ਹੋਇਆ ਰੂਪ ਹਨ। ਜਦੋਂ ਧੁਨਾਂ ਦੇ ਰਾਗਾਂ ਨੂੰ ਸ਼ਾਸਤਰ ਬੱਧ ਕਰ ਲਿਆ ਜਾਂਦਾ ਹੈ ਤਾਂ ਇਨ੍ਹਾਂ ਨੂੰ ਹੀ ਸ਼ਾਸਤਰੀ ਰਾਗ ਕਿਹਾ ਜਾਂਦਾ ਹੈ।

ਪੁਰਾਤਨ ਕਾਲ ਵਿਚ ਵੀ ਦੋ ਤਰ੍ਹਾਂ ਦੀਆਂ ਸੰਗੀਤ ਪੱਧਤੀਆਂ ਪ੍ਰਚਲਤ ਸਨ। ਪਹਿਲੀ ਸੰਗੀਤ ਪਧਤੀ ਨੂੰ ਗੰਧਰਬ ਅਤੇ ਦੂਜੀ ਨੂੰ ਗਾਨ ਕਿਹਾ ਜਾਂਦਾ ਸੀ। ਗੰਧਰਬ ਪਧਤੀ ਦੇ ਅੰਤਰਗਤ ਮਾਰਗੀ ਸੰਗੀਤ ਅਤੇ ਗਾਨ ਪਧਤੀ ਦੇ ਅੰਤਰਗਤ ਦੇਸੀ ਸੰਗੀਤ ਪ੍ਰਚਲਤ ਸੀ।

ਗੰਧਰਬ ਅਰਥਾਤ ਮਾਰਗੀ ਸੰਗੀਤ ਪਧਤੀ ਉਪਰ ਕਠੋਰ ਨਿਯਮਾਂ ਦਾ ਨਿਯੰਤਰਣ ਸੀ। ਇਸ ਲਈ ਪਰੰਪਰਾਗਤ ਚਲੇ ਆ ਰਹੇ ਕਠੋਰ ਨਿਯਮਾਂ ਦਾ ਪਾਲਣ ਕਰਨਾ ਪੈਂਦਾ ਸੀ। ਸੰਗੀਤ ਪਾਰਿਜਾਤ ਵਿਚ ਦੱਸਿਆ ਗਿਆ ਹੈ ਕਿ ਮਾਰਗੀ ਸੰਗੀਤ ਸ਼ੁਧ ਰੂਪ ਵਿਚ ਬ੍ਰਹਮਾ ਜੀ ਨੇ ਭਰਤ ਨੂੰ ਸਿਖਾਇਆ ਤੇ ਭਰਤ ਨੇ ਅਪਸਰਾਵਾਂ ਅਤੇ ਗੰਧਰਬਾਂ ਨੂੰ ਇਸ ਦੀ ਸਿੱਖਿਆ ਦਿੱਤੀ।

ਦੂਸਰੇ ਪਾਸੇ ਜਨ ਸਧਾਰਨ ਸ਼ਾਸਤਰ ਦੇ ਬੰਧਨਾਂ ਤੋਂ ਮੁਕਤ ਪ੍ਰਦੇਸ਼ਕ ਲੋਕ ਗੀਤਾਂ ਅਤੇ ਲੋਕ ਧੁਨਾਂ ਵਿਚ ਆਪਣਾ ਮਨੋਰੰਜਨ ਕਰਦਾ ਸੀ। ਇਨ੍ਹਾਂ ਲੋਕ ਧੁਨਾਂ ਦੇ ਆਧਾਰ ਤੇ ਹੀ ਕੁਝ ਰਾਗਾਂ ਦੀ ਸਿਰਜਣਾ ਹੋਈ ਜਿਵੇਂ ਕਿ ਭੂਪਾਲੀ, ਜੌਨਪੁਰੀ, ਮੁਲਤਾਨੀ, ਅਹੀਰ, ਪਹਾੜੀ, ਮਾਂਡ, ਆਸਾ, ਗਉੜੀ, ਮਾਝ, ਸਿੰਧੜਾ, ਕਾਨੜਾ, ਤਿਲੰਗ, ਬੈਰਾੜੀ, ਟੋਡੀ, ਗੌਂਡ ਆਦਿ।

ਉਪਰੋਕਤ ਰਾਗ ਆਪਣੇ ਨਾਮ ਅਨੁਸਾਰ ਆਪਣੇ ਆਪਣੇ ਸਥਾਨ ਦੇ ਲੋਕ ਸੰਗੀਤ ਦਾ ਪ੍ਰਤੀਨਿਧਤਵ ਕਰਦੇ ਹਨ।

ਪੰਡਤ ਓਅੰਕਾਰ ਨਾਥ ਠਾਕੁਰ ਦਾ ਕਥਨ ਹੈ, "ਮੇਰੀ ਧਾਰਨਾ ਹੈ ਕਿ ਅੱਜ ਵੀ ਜੇ ਖੋਜ ਕੀਤੀ ਜਾਵੇ ਤਾਂ ਪ੍ਰਚਲਤ ਗਾਏ ਜਾਣ ਵਾਲੇ ਰਾਗਾਂ ਦਾ ਉਤਪਾਦਕ ਲੋਕ ਸੰਗੀਤ ਹੀ ਸਿੱਧ ਹੋਵੇਗਾ।"

ਮਾਝ ਰਾਗ ਮਾਝੇ ਦੇ ਇਲਾਕੇ ਨਾਲ ਸਬੰਧਿਤ ਕੀਤਾ ਜਾਂਦਾ ਹੈ।

ਗਉੜੀ ਨੂੰ ਗਉੜ ਦੇਸ਼ ਨਾਲ ਸਬੰਧਤ ਕੀਤਾ ਜਾਂਦਾ ਹੈ। ਕੁਝ ਹੋਰ ਰਾਗਾਂ ਅਤੇ ਉਹਨਾਂ ਦੇ ਇਲਾਕਿਆਂ ਦਾ ਵੇਰਵਾ ਇਸ ਪ੍ਰਕਾਰ ਹੈ:

| | |
|---|---|
| ਗੂਜਰੀ | ਗੁਜਰਾਤ ਜਾਂ ਗੁਰਜਰ ਦੇਸ਼ ਦਾ |
| ਸੋਰਠ | ਸੋਰਠ ਜਾਂ ਸੁਰਾਸ਼ਟਰ ਦੇਸ਼ ਦਾ |
| ਮਾਰੂ | ਮਾਰੂ ਦੇਸ਼ ਜਾਂ ਰਾਜਸਥਾਨ ਦਾ |
| ਕਾਨੜਾ | ਕੰਨੜ ਦੇਸ਼ ਦਾ |
| ਤਿਲੰਗ | ਤਿਲੰਗਾਨਾ ਦੇਸ਼ ਦਾ |
| ਬੈਰਾੜੀ | ਬੈਰਾੜ ਦੇਸ਼ ਦਾ |
| ਟੋਡੀ | ਟੋਡਾ ਜਾਤੀ ਦਾ |
| ਗੌਂਡ | ਗੌਂਡਾ ਜਾਤੀ ਦਾ |

ਇਸੇ ਤਰ੍ਹਾਂ ਰਾਗ ਆਸਾ ਬਾਰੇ ਕਿਹਾ ਜਾਂਦਾ ਹੈ ਕਿ ਇਹ ਰਾਗ ਬਣਨ ਤੋਂ ਪਹਿਲਾਂ ਪੰਜਾਬ ਦੇ ਇਲਾਕੇ ਦੀ ਇਕ ਲੋਕ ਧੁਨ ਸੀ।

ਰਾਗ ਧਨਾਸਰੀ ਬਾਰੇ ਪ੍ਰਸਿੱਧ ਹੈ ਕਿ ਫਸਲ ਕੱਟਣ ਵੇਲੇ ਇਹ ਰਾਗ ਗਾਇਆ ਜਾਂਦਾ ਹੈ। ਇਸ ਨੂੰ 'ਅੰਨ ਦੀ ਬਹੁਲਤਾ' ਦਾ ਰਾਗ ਵੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਇਹ ਰਾਗ ਵੀ ਲੋਕ ਧਾਰਨਾ ਦੇ ਨੇੜੇ ਪੁੱਜ ਜਾਂਦਾ ਹੈ। ਸਾਰੰਗ ਰਾਗ ਤੇ ਅਨੇਕਾਂ ਲੋਕ ਗੀਤਾਂ ਦੀਆਂ ਧੁਨਾਂ ਆਧਾਰਿਤ ਹਨ। ਚਰਵਾਹਿਆਂ ਦੀ ਵੰਝਲੀ ਅਤੇ ਸਪੇਰਾ ਬੀਨਾਂ ਉਤੇ ਇਸ ਰਾਗ ਦੀਆਂ ਮਧੁਰ ਸੁਰਾਵਾਲੀਆਂ ਧੁਨਾਂ ਸੁਣਾਈ ਦਿੰਦੀਆਂ ਹਨ। ਮਲਾਰ ਖ਼ੁਸ਼ੀ ਦੇ ਗੀਤਾਂ ਨੂੰ ਵੀ ਕਿਹਾ ਜਾਂਦਾ ਹੈ ਅਤੇ ਇਹ ਇਕ ਰਾਗ ਵੀ ਹੈ। ਸੋ ਲੋਕ ਕਾਵਿ ਅਤੇ ਸੰਗੀਤ ਆਪਸ ਵਿਚ ਅੰਤਰ ਸਬੰਧਤ ਕਹੇ ਜਾ ਸਕਦੇ ਹਨ।

ਲੋਕ ਰਾਗ ਪਧਤੀ ਅਤੇ ਸ਼ਾਸਤਰੀ ਰਾਗ ਪਧਤੀ ਦਾ ਸੁਮੇਲ ਧਾਰਮਿਕ ਕਾਵਿ ਵਿਚ ਹੋਇਆ ਹੈ। ਧਾਰਮਿਕ ਕਾਵਿ ਨੂੰ ਲੋਕ ਅਤੇ ਸ਼ਾਸਤਰੀ ਦੋਹਾਂ ਤਰ੍ਹਾਂ ਦੇ ਰਾਗਾਂ ਅਨੁਸਾਰ ਗਾਇਆ ਜਾਂਦਾ ਰਿਹਾ ਹੈ।

ਰਾਗਾਂ ਤੇ ਅਧਾਰਤ ਕਾਵਿ ਪਰੰਪਰਾ:

ਪਦਿਆਂ ਨੂੰ ਰਾਗਾਂ ਦੇ ਅਧਾਰ 'ਤੇ ਗਾਉਣ ਦੀ ਪਰੰਪਰਾ ਬੋਧੀ ਸਿੱਧਾਂ ਤੋਂ ਸ਼ੁਰੂ ਹੋ ਜਾਂਦੀ ਹੈ। ਇਨ੍ਹਾਂ ਸਿੱਧਾਂ ਨੇ ਜਿਹੜੇ ਰਾਗਾਂ ਦਾ ਪ੍ਰਯੋਗ ਕੀਤਾ ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ:

| | | | |
|---|---|---|---|
| 1 | ਗੋੜ | 10 | ਰਾਮਕਲੀ |
| 2 | ਮਾਰੂ | 11 | ਵਰਾਟੀ |
| 3 | ਗੂਜਰੀ | 12 | ਸਿਵਾਰ (ਆਸਾਵਰੀ) |
| 4 | ਪਟਮੰਜਰੀ | 13 | ਵਰਾਂਦੀ |
| 5 | ਦੇਵਕਾਰੀ | 14 | ਮਲਾਦੀ |
| 6 | ਦੇਸਾਖ | 15 | ਮਾਲਸ੍ਰੀ |
| 7 | ਭੈਰਵੀ | 16 | ਮਲਾਸੀ ਗੌਂਡ |
| 8 | ਕਾਮੋਦ | 17 | ਬੰਗਾਲਾ |
| 9 | ਧਨਾਸਰੀ | 18 | ਰਾਗਿਨੀ ਵੇਦ |

ਇਨ੍ਹਾਂ ਵਿਚੋਂ ਜੈ ਦੇਵ ਨੇ ਆਪਣੇ ਗ੍ਰੰਥ ਗੀਤ ਗੋਬਿੰਦ ਵਿਚ ਹੇਠ ਲਿਖੇ ਰਾਗਾਂ ਦਾ ਪ੍ਰਯੋਗ ਕੀਤਾ ਹੈ।

ਭੈਰਵੀ, ਗੂਜਰੀ, ਦੇਸਾਖ, ਰਾਮਕਲੀ, ਵਰਾੜੀ। ਸਿੱਧਾਂ ਦੇ ਰਾਗਾਂ ਵਿਚ ਗੋੜ ਅਤੇ ਮਾਲਸੀ ਗੌਂਡ ਰਾਗਾਂ ਦਾ ਪ੍ਰਯੋਗ ਹੋਇਆ ਅਤੇ ਜੈ ਦੇਵ ਦੇ ਗ੍ਰੰਥਾਂ ਵਿਚ ਮਾਲਵ ਗੋੜ ਰਾਗ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਤੋਂ ਬਿਨਾਂ ਗੀਤ ਗੋਵਿੰਦ ਵਿਚ ਜਿਹੜੇ ਰਾਗ ਪ੍ਰਯੋਗ ਹੋਏ ਹਨ ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ:

ਬਸੰਤ, ਕਰਣਾਟ, ਦੇਸੀ, ਬਰਾੜੀ, ਗੁਣਕਲੀ, ਮਾਲਵ, ਵਿਭਾਸ।

ਜੈਦੇਵ ਜੀ ਤੋਂ ਉਪਰੰਤ ਇਤਿਹਾਸਕ ਤੌਰ 'ਤੇ ਸ਼ੇਖ ਫ਼ਰੀਦ ਜੀ ਦੀ ਰਚਨਾ ਆਉਂਦੀ ਹੈ। ਜਿਹੜੀ ਸੂਹੀ ਅਤੇ ਆਸਾ ਰਾਗਾਂ ਵਿਚ ਦਰਜ ਹੋਈ ਹੈ। ਫਰੀਦ ਜੀ ਭਾਵੇਂ ਮੁਸਲਮਾਨ ਸੂਫੀ ਕਵੀ ਸਨ ਪਰ ਉਨ੍ਹਾਂ ਦੀ ਰਚਨਾ ਦਾ ਪਦ ਰੂਪ ਅਤੇ ਰਾਗਾਂ ਤੇ ਨਿਰਧਾਰਤ ਹੋਣਾ ਇਹ ਦਰਸਾਉਂਦਾ ਹੈ ਕਿ ਉਸ ਵੇਲੇ ਪਦਿਆਂ ਨੂੰ ਰਾਗਾਂ ਵਿਚ ਗਾਉਣ ਦਾ ਰਿਵਾਜ ਇੰਨਾ ਪ੍ਰਚਲਤ ਸੀ ਕਿ ਸੂਫੀ ਕਵੀ ਵੀ ਇਸ ਦੇ ਪ੍ਰਭਾਵ ਤੋਂ ਅਛੂਤੇ ਨਹੀਂ ਰਹਿ ਸਕੇ।

ਫਰੀਦ ਜੀ ਤੋਂ ਬਾਅਦ ਭਗਤ ਨਾਮਦੇਵ ਦਾ ਰਚਨਾ ਕਾਲ ਹੈ। ਭਗਤ ਨਾਮਦੇਵ ਦੀ ਜਿਹੜੀ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਹ ਅਠਾਰਾਂ ਰਾਗਾਂ ਤੇ ਅਧਾਰਤ ਹੈ।

ਗਉੜੀ, ਆਸਾ, ਗੂਜਰੀ, ਸੋਰਠ, ਧਨਾਸਰੀ, ਟੋਡੀ, ਤਿਲੰਗ, ਬਿਲਾਵਲ, ਗੌੜ, ਰਾਮਕਲੀ, ਮਾਲੀ ਗੌੜਾ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ ਤੇ ਪ੍ਰਭਾਤੀ।

ਇਸੇ ਕਾਲ ਦੇ ਭਗਤ ਤ੍ਰਿਲੋਚਨ ਨੇ ਤਿੰਨ ਰਾਗਾਂ ਵਿਚ ਕਾਵਿ ਰਚਨਾ ਕੀਤੀ। ਗੁਰੂ ਗ੍ਰੰਥ ਸਾਹਿਬ ਵਿਚ ਇਹ ਰਚਨਾ ਸਿਰੀ, ਗੂਜਰੀ ਅਤੇ ਧਨਾਸਰੀ ਰਾਗਾਂ ਅਧੀਨ ਕੀਤੀ ਗਈ ਹੈ।

ਤੇਹਰਵੀਂ ਸਦੀ ਵਿਚ ਹੋਏ ਭਗਤ ਸਧਨਾ ਦਾ ਇਕ ਪਦ ਰਾਗ ਬਿਲਾਵਲ ਵਿਚ ਦਰਜ ਹੈ। ਭਗਤ ਬੇਣੀ ਨੇ ਆਪਣੀ ਰਚਨਾ ਲਈ ਸਿਰੀ, ਰਾਮਕਲੀ ਤੇ ਪ੍ਰਭਾਤੀ ਰਾਗਾਂ ਨੂੰ ਪ੍ਰਯੋਗ ਕੀਤਾ ਹੈ। ਰਾਮਾਂ ਨੰਦ ਜੀ ਦਾ ਇਕ ਪਦਾ ਰਾਗ ਬਸੰਤ ਵਿਚ ਦਰਜ ਹੈ।

ਇਸ ਤਰ੍ਹਾਂ ਗੁਰੂ ਕਾਲ ਤੋਂ ਪਹਿਲਾਂ ਪਦਿਆਂ ਨੂੰ ਰਾਗਾਂ ਵਿਚ ਗਾਉਣ ਦੀ ਪਰੰਪਰਾ ਪ੍ਰਚਲਤ ਸੀ। ਹੁਣ ਤਕ ਜਿਹੜੇ ਰਾਗਾਂ ਦਾ ਉਲੇਖ ਹੋਇਆ ਹੈ। ਲਗਭਗ ਉਨ੍ਹਾਂ ਹੀ ਸਾਰੇ ਰਾਗਾਂ ਦਾ ਪ੍ਰਯੋਗ ਸਮਕਾਲੀਨ ਭਗਤ ਕਵੀਆਂ ਨੇ ਕੀਤਾ ਹੈ।

ਕਬੀਰ ਜੀ ਨੇ ਸਿਰੀ ਗਉੜੀ, ਗੂਜਰੀ, ਬਿਹਾਗੜਾ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਉ, ਬਸੰਤ, ਸਾਰੰਗ ਅਤੇ ਪ੍ਰਭਾਤੀ ਰਾਗਾਂ ਵਿਚ ਬਾਣੀ ਰਚਨਾ ਕੀਤੀ ਹੈ।

ਭਗਤ ਰਵਿਦਾਸ ਜੀ ਦੀ ਗੁਰੂ ਸਾਹਿਬ ਵਿਚ ਜਿਹੜੇ ਰਾਗਾਂ ਵਿਚ ਬਾਣੀ ਮਿਲਦੀ ਹੈ। ਉਹ ਹਨ-ਸਿਰੀ, ਗਉੜੀ, ਆਸਾ, ਗੂਜਰੀ, ਸੋਰਠਿ, ਧਨਾਸਰੀ, ਜੈਤਸਿਰੀ, ਸੂਹੀ,

ਬਿਲਾਵਲ, ਗੌਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਉ, ਬਸੰਤ, ਮਲਾਰ।

ਭਗਤ ਪੀਪਾ ਜੀ ਅਤੇ ਸੈਣ ਜੀ ਨੇ ਧਨਾਸਰੀ ਰਾਗ ਵਿਚ ਅਤੇ ਭਗਤ ਧੰਨਾ ਜੀ ਨੇ ਧਨਾਸਰੀ ਦੇ ਨਾਲ ਆਸਾ ਰਾਗ ਦਾ ਵੀ ਪ੍ਰਯੋਗ ਕੀਤਾ ਹੈ। ਭਗਤ ਭੀਖਣ ਨੇ ਸੋਰਠਿ ਰਾਗ ਅਤੇ ਭਗਤ ਸੂਰਦਾਸ ਨੇ ਸਾਰੰਗ ਰਾਗ ਵਿਚ ਕਾਵਿ ਰਚਨਾ ਕੀਤੀ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

**ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਰਾਗ ਪਰੰਪਰਾ:**

ਗੁਰੂ ਨਾਨਕ ਦੇਵ ਜੀ ਨੇ ਪ੍ਰਚਲਤ ਭਾਰਤੀ ਸੰਗੀਤ ਪਰੰਪਰਾ ਦਾ ਅਧਿਐਨ ਕਰਕੇ ਆਪਣੀ ਇਕ ਨਿਵੇਕਲੀ ਸੰਗੀਤ ਪਰੰਪਰਾ ਦੀ ਸਿਰਜਣਾ ਕੀਤੀ ਜਿਹੜੀ ਬਾਅਦ ਵਿਚ ਗੁਰਮਤਿ ਸੰਗੀਤ ਪਰੰਪਰਾ ਦੇ ਤੌਰ 'ਤੇ ਜਾਣੀ ਗਈ। ਗੁਰੂ ਗ੍ਰੰਥ ਸਾਹਿਬ ਵਿਚ ਕੁਲ 31 ਰਾਗਾਂ ਦਾ ਪ੍ਰਯੋਗ ਹੋਇਆ ਹੈ। ਇਨ੍ਹਾਂ ਵਿਚੋਂ ਗੁਰੂ ਨਾਨਕ ਦੇਵ ਜੀ ਨੇ ਕੇਵਲ 19 ਰਾਗਾਂ ਨੂੰ ਆਪਣੀ ਕਾਵਿ ਰਚਨਾ ਦਾ ਮਾਧਿਅਮ ਬਣਾਇਆ ਹੈ।

ਗੁਰੂ ਨਾਨਕ ਦੇਵ ਜੀ ਨੇ ਪੂਰਬਕਾਲੀ ਰਾਗ ਪਰੰਪਰਾ ਦੇ ਕਈ ਰਾਗ ਨਹੀਂ ਅਪਣਾਏ। ਗੁਰੂ ਗ੍ਰੰਥ ਸਾਹਿਬ ਦੇ ਹੀ 12 ਰਾਗ, ਦੇਵਗੰਧਾਰੀ, ਬਿਹਾਗੜਾ, ਜੈਤਸਰੀ, ਟੋਡੀ, ਬੈਰਾੜੀ, ਗੌਂਡ, ਨਟ ਨਾਰਾਇਣ, ਮਾਲੀ ਗਉੜਾ, ਕੇਦਾਰਾ, ਕਾਨੜਾ ਤੇ ਕਲਿਆਣ ਗੁਰੂ ਨਾਨਕ ਦੇਵ ਜੀ ਨੇ ਆਪਣੀ ਕਾਵਿ ਬਾਣੀ ਲਈ ਪ੍ਰਯੋਗ ਨਹੀਂ ਕੀਤੇ।

ਉਪਰੋਕਤ ਅਧਿਐਨ ਤੋਂ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਰਾਗ ਪਰੰਪਰਾ ਦੇ ਸਨਾਤਨੀ ਪੱਖ ਤੋਂ ਭਲੀ ਭਾਂਤ ਜਾਣੂ ਸਨ, ਪਰ ਉਨ੍ਹਾਂ ਨੇ ਨਿਰੋਲ ਇਸ ਪਰੰਪਰਾ ਨੂੰ ਨਹੀਂ ਅਪਣਾਇਆ ਸਗੋਂ ਬਹੁਤ ਸਾਰੇ ਅਜਿਹੇ ਪ੍ਰਯੋਗ ਕੀਤੇ ਜਿਹੜੇ ਰਾਗਾਂ ਦਾ ਪ੍ਰਯੋਗ ਕੁਝ ਹੋਰ ਰਾਗਾਂ ਨੂੰ ਮਿਲਾ ਕੇ ਮਿਸ਼ਰਤ ਰੂਪ ਵਿਚ ਹੋਇਆ ਹੈ। ਗੁਰੂ ਨਾਨਕ ਦੇਵ ਜੀ ਨੇ ਹੇਠ ਲਿਖੇ ਅਨੁਸਾਰ ਰਾਗਾਂ ਦਾ ਪ੍ਰਯੋਗ ਕੀਤਾ ਹੈ।

**ਮੁੱਖ ਰਾਗ:**

ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ, ਪ੍ਰਭਾਤੀ।

**ਮਿਸ਼ਰਤ ਰਾਗ:**

ਗਉੜੀ ਗੁਆਰੇਰੀ, ਗਉੜੀ ਦਖਣੀ, ਗਉੜੀ ਚੇਤੀ, ਗਉੜੀ ਬੈਰਾਗਣ, ਗਉੜੀ ਪੂਰਬੀ ਦੀਪਕੀ, ਗਉੜੀ ਪੁਰਬੀ, ਗਉੜੀ ਦੀਪਕੀ, ਆਸਾ ਕਾਫ਼ੀ, ਵਡਹੰਸ, ਸੂਹੀ ਕਾਫ਼ੀ, ਬਿਲਾਵਲ ਦਖਣੀ, ਰਾਮਕਲੀ ਦਖਣੀ, ਮਾਰੂ ਕਾਫੀ, ਮਾਰੂ ਦਖਣੀ, ਪ੍ਰਭਾਤੀ ਬਿਭਾਸ, ਪ੍ਰਭਾਤੀ ਦਖਣੀ।

ਰਾਗਾਂ ਦਾ ਇਹ ਮੇਲ ਗੁਰੂ ਨਾਨਕ ਦੇਵ ਜੀ ਦੀ ਮੌਲਿਕ ਦੇਣ ਹੈ। ਗੁਰੂ ਨਾਨਕ ਦੇਵ ਜੀ ਨੇ ਰਾਗ ਦੇ ਨਾਲ ਨਾਲ ਲੋਕ ਧੁਨਾਂ ਦਾ ਵੀ ਪ੍ਰਯੋਗ ਕੀਤਾ ਹੈ। ਕਿਸੇ ਰਾਗ ਦਾ ਸੁਤੰਤਰ ਪ੍ਰਯੋਗ ਬਿਲਕੁਲ ਨਹੀਂ ਕੀਤਾ। ਇਥੇ ਰਾਗ ਸਹਾਇਕ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਪਹਿਲਾਂ ਰਾਗ ਦਾ ਨਾਮ ਹੈ ਫੇਰ ਕਾਵਿ ਰੂਪ ਦਾ। ਜਿਵੇਂ ਵਾਰਾਂ ਨੂੰ ਗਾਉਣ ਲਈ ਰਾਗਾਂ ਦੇ ਨਾਲ ਨਾਲ ਕੁਝ ਖਾਸ ਧੁਨਾਂ ਨੂੰ ਅਪਣਾਉਣ ਦਾ ਆਦੇਸ਼ ਦਿੱਤਾ ਹੋਇਆ ਹੈ।

ਗੁਰੂ ਨਾਨਕ ਦੇਵ ਜੀ ਦੇ ਰਾਗ ਪ੍ਰਬੰਧ ਦਾ ਭਾਰਤੀ ਕਾਵਿ ਅਤੇ ਸੰਗੀਤ ਪਰੰਪਰਾ ਦੇ ਸੰਦਰਭ ਵਿਚ ਅਧਿਐਨ ਕਰਨ ਨਾਲ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਜੀ ਰਾਹੀਂ ਪ੍ਰਯੁਕਤ ਰਾਗ ਭਾਰਤੀ ਕਾਵਿ ਅਤੇ ਲੋਕ ਕਾਵਿ ਰੂਪ ਵਿਸ਼ੇਸ਼ ਧੁਨੀਆਂ ਨਾਲ ਸਬੰਧਤ ਹੋ ਜਾਣ ਕਾਰਨ ਪੁਰਾਤਨ ਭਾਰਤੀ ਰਾਗ ਪਰੰਪਰਾ ਵਿਚ ਇਕ ਨਵਾਂ ਵਾਧਾ ਕਰਦੇ ਹਨ। ਇਹ ਰਾਗ ਭਾਵੇਂ ਭਾਰਤੀ ਸਨਾਤਨੀ ਰਾਗ ਪਰੰਪਰਾ ਨਾਲ ਸਬੰਧਤ ਹਨ, ਪਰ ਉਨ੍ਹਾਂ ਦੇ ਮਿਸ਼ਰਤ ਰੂਪਾਂ ਦਾ ਪ੍ਰਯੋਗ ਗੁਰੂ ਸਾਹਿਬ ਦੀ ਵਿਲਖਣਤਾ ਹੈ। ਇਨ੍ਹਾਂ ਰਾਗਾਂ ਨੂੰ ਲੋਕ ਕਾਵਿ ਰੂਪ ਦੀਆਂ ਧੁਨੀਆਂ ਅਤੇ ਤਾਲ ਪ੍ਰਬੰਧ ਅਨੁਸਾਰ ਗਾਉਣਾ ਗੁਰੂ ਸਾਹਿਬ ਦੀ ਇਕ ਮੌਲਿਕ ਦੇਣ ਹੈ। ਮੈਕਲੋਡ ਦੇ ਗੁਰੂ ਨਾਨਕ ਦੇਵ ਜੀ ਬਾਰੇ ਇਹ ਸ਼ਬਦ ਜਿਥੇ ਉਹਨਾਂ ਦੀ ਬਾਣੀ ਤੇ ਢੁਕਦੇ ਹਨ ਉਥੇ ਉਹਨਾਂ ਦੇ ਰਾਗ ਪ੍ਰਬੰਧ ਦੀ ਮੌਲਿਕਤਾ ਦਾ ਵੀ ਤਰਜਮਾਨੀ ਕਰਦੇ ਹਨ। "ਗੁਰੂ ਨਾਨਕ ਦੇਵ ਜੀ ਦੀ ਸਾਰੀ ਸੰਰਚਨਾ ਦਾ ਤਾਣਾ ਬਾਣਾ ਕਿਸੇ ਨਾ ਕਿਸੇ ਪਾਰੰਪਰਿਕ ਸੋਮੇ ਵਿਚ ਮਿਲ ਜਾਂਦਾ ਹੈ ਪਰ ਉਸ ਦੀ ਅੰਤਲੀ ਰਚਨਾ ਵਿਧੀ ਗੁਰੂ ਨਾਨਕ ਦੇਵ ਜੀ ਦੀ ਆਪਣੀ ਮੌਲਿਕ ਵਿਧੀ ਹੈ।

**ਹਵਾਲੇ ਅਤੇ ਟਿੱਪਣੀਆਂ:**


1 ਸਾਰੰਗ ਦੇਵ, ਸੰਗੀਤ ਰਤਨਾਕਰ, ਪੰਨਾ 15
2 ਅਹੋਬਲ, ਸੰਗੀਤ ਪਾਰਿਜਾਤ, ਪੰਨਾ 91
3 ਦਮੋਦਰ ਪੰਡਤ, ਸੰਗੀਤ ਦਰਪਣ, ਪੰਨਾ 73
4 ਉਮੇਸ਼ ਜੋਸ਼ੀ, ਭਾਰਤੀ ਸੰਗੀਤ ਦਾ ਇਤਿਹਾਸ ਪੰਨਾ 53-59
5 ਉਮੇਸ਼ ਜੋਸ਼ੀ, ਭਾਰਤੀ ਸੰਗੀਤ ਦਾ

ਇਤਿਹਾਸ ਪੰਨਾ 70
6 ਭਾਤਖੰਡੇ, ਉਤਰ ਭਾਰਤੀਯ ਸੰਗੀਤ ਕਾ ਸੰਕਸ਼ਿਪਤ ਇਤਿਹਾਸ, ਪੰਨਾ 4
7 ਬ੍ਰਿਹਿਸਪਤੀ, ਸੰਗੀਤ ਚਿੰਤਾਮਣੀ, ਪੰਨਾ 13
8 ਬ੍ਰਿਹਿਸਪਤੀ, ਸੰਗੀਤ ਚਿੰਤਾਮਣੀ, ਪੰਨਾ 118-119
9 ਤਾਰਾ ਸਿੰਘ, ਸੁਰਜੀਤ ਕੌਰ,
ਵਾਦਨ ਕਲਾ, ਪੰਨਾ 224-245
10 ਆਚਾਰੀਆ ਬ੍ਰਿਹਿਸਤੀ, ਭਾਰਤੀਯ ਸੰਗੀਤ ਕੋ ਅਮੀਰ ਖ਼ੁਸਰੋ ਕਾ ਯੋਗਦਾਨ, 'ਅਮੀਰ ਖ਼ੁਸਰੋ'
((ਸੰ.) ਡਾ. ਮਲਿਕ ਮੁਹੰਮਦ), ਪੰਨਾ 6-7
11 ਅਹੋਬਲ, ਸੰਗੀਤ ਪਾਰਿਜਾਤ, ਪੰਨਾ 6-7
12 ਓਅੰਕਾਰ ਨਾਥ ਠਾਕੁਰ, ਭਾਰਤੀਯ ਲੋਕ ਸੰਗੀਤ ਕੀ ਆਤਮਾ, 'ਸੰਮੇਲਨ ਪਤ੍ਰਿਕਾ', (ਲੋਕ ਸੰਸਕ੍ਰਿਤੀ ਅੰਕ) ਪੰਨਾ 301-02
13 ਡਾ. ਗੁਰਨਾਮ ਸਿੰਘ, ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, ਪੰਨਾ 82
14 ਪ੍ਰੋ: ਤਾਰਾ ਸਿੰਘ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ, ਪੰਨਾ 33
15 ਪ੍ਰਗਿਆਨੰਦ (ਸੁਆਮੀ) ਕਾਫੀ ਥਾਟ ਕਾ ਰਾਗ ਧੰਨਸੀ, ਸੰਗੀਤ (ਮਾਸਿਕ)
ਜਨਵਰੀ 1958 ਪੰਨਾ 32-33
16 ਪ੍ਰੋ: ਤਾਰਾ ਸਿੰਘ, ਸ੍ਰੀ ਗੁਰੂ ਅਮਰਦਾਸ ਰਾਗ ਰਤਨਾਵਲੀ, ਪੰਨਾ 100
17 ਪ੍ਰੋ: ਟੰਡਨ, ਪੰਜਾਬੀ ਦੁਨੀਆਂ, ਜਨਵਰੀ-ਫਰਵਰੀ 1965, ਪੰਨਾ 93
18 In the case of Guru Nanak, this was certainly the result. We may trace the threads to a variety of sources, the ultimate pattern remains uniquely his own.
W.H. Machleod, Sikhism and Indian Society, ਹਵਾਲਾ ਡਾ. ਪ੍ਰੇਮ ਸਿੰਘ ਪ੍ਰਕਾਸ਼ ਸਿੰਘ, ਗੁਰੂ ਨਾਨਕ ਅਤੇ ਨਿਰਗੁਣ ਧਾਰਾ, ਪੰਨਾ 22

*422, ਸੈਕਟਰ 15-ਏ, ਚੰਡੀਗੜ੍ਹ*

# ਕੀਰਤ ਤੇ ਕਿਰਤ

ਕਰਤਾਰ ਸਿੰਘ ਨੀਲਧਾਰੀ

*ਮਾਇਆ ਕਿਸ ਨੋ ਆਖੀਐ*
*ਕਿਆ ਮਾਇਆ ਕਰਮ ਕਮਾਇ।*
*ਦੁਖਿ ਸੁਖਿ ਏਹੁ ਜੀਉ ਬਧੁ ਹੈ*
*ਹਉਮੈ ਕਰਮ ਕਮਾਇ।* (ਸਿਰੀ ਰਾਗ ਮ: 3, ਪੰਨਾ 63)

ਮਨੁੱਖੀ ਜੀਵਨ ਦੇ ਚਾਰ ਪੁਰਸ਼ਾਰਥ ਪੁਰਾਤਨ ਮਨੀਸ਼ੀਆਂ ਨੇ ਨਿਤਾਰੇ ਸਨ ਜੋ ਗੁਰਬਾਣੀ ਵਿਚ ਵੀ ਪੂਰੀ ਤਰ੍ਹਾਂ ਸਵੀਕਾਰ ਹੋਏ ਹਨ:

*ਚਾਰਿ ਪਦਾਰਥ ਕਹੈ ਸਭੁ ਕੋਈ।*
*ਸਿੰਮ੍ਰਿਤਿ ਸਾਸਤ੍ਰ ਪੰਡਿਤ ਮੁਖਿ ਸੋਈ।*
*ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ।*
*ਮੁਕਤਿ ਪਦਾਰਥੁ ਭਗਤਿ ਹਰਿ ਪਾਇਆ।*

(ਗਉੜੀ ਮਹਲਾ੧, ਪੰਨਾ 154)

ਇਨ੍ਹ ਚਾਰ ਪਦਾਰਥਾਂ -ਧਰਮ, ਅਰਥ, ਕਾਮ ਤੇ ਮੋਖ ਵਿਚੋਂ ਧਰਮ ਨਿਯਮ - ਕਾਨੂੰਨ ਰੂਪ ਵਿਚ ਅਰਥ ਤੇ ਕਾਮ ਨੂੰ ਦੇਹਿਕ ਸੰਸਾਰਿਕਤਾ ਦੇ ਰੂਪ ਵਿਚ ਨਿਯਮਨ ਤੇ ਸੰਤੁਲਨ ਦੇ ਕੇ ਸ਼ਾਂਤ, ਸੁਖੀ , ਸਮ੍ਰਿਧ ਤੇ ਸ਼ਕਤੀਸ਼ਾਲੀ ਸਮਾਜ ਦੀ ਘਾੜਤ ਹੀ ਕਰਦਾ ਹੈ। ਧਰਮ ਦਾ ਇਹ ਅੰਗ ਰਹਿਤਨਾਮੇ ਤੇ ਸੰਹਿਤਾਵਾਂ ਦੇ ਰੂਪ ਵਿਚ ਅਰਥ ਤੇ ਕਾਮ ਦੇ ਵਿਸਥਾਰ ਵਿਚ ਸੁਕਰਮਾਂ ਤੇ ਦੁਹਕਰਮਾਂ ਨੂੰ ਪਾਪ ਪੁੰਨ ਦੇ ਚੌਖਟਿਆਂ ਵਿਚ ਕੱਸ ਕੇ ਕਰਮਫ਼ਲ ਦਾ ਭੈਅ ਵੀ ਦਿੰਦਾ ਆ ਰਿਹਾ ਹੈ। ਇਸ ਫਲਸਫ਼ੇ ਨਾਲ ਸਮਾਜ ਦੇ ਇਕ ਵਰਗ ਨੇ ਧਰਮ ਕਾਇਮ ਕਰਨ ਦੀ ਸਵੰਭੂ ਜ਼ਿਮੇਵਾਰੀ ਦਾ ਜਿਵੇਂ ਠੇਕਾ ਹੀ ਲਿਆ ਹੋਇਆ ਹੈ ਤੇ ਅੱਗੋਂ ਅਜੈਂਟਾਂ ਰਾਹੀਂ ਧਰਮ ਨੂੰ ਧੰਧਾ ਬਣਾ ਦਿੱਤਾ ਗਿਆ ਹੈ। ਇਹ ਕਿਸੇ ਇਕ ਧਰਮ ਦੀ ਹੋਣੀ ਨਹੀਂ ਸਗੋਂ ਸਮੇਂ ਦੀ ਸ਼ਕਤੀ ਨਾਲ ਸਭ ਧਰਮ ਸੰਪ੍ਰਦਾਵਾਂ ਦਾ ਵਰਤਾਰਾ ਹੈ। ਧਰਮ ਦਾ ਮੋਖ ਮੁਕਤੀ ਨਾਲ ਜੁੜਿਆ ਸੰਦਰਭ ਇਥੇ ਵਿਚਾਰਨ ਦੀ ਲੋੜ ਨਹੀਂ।

ਭਾਰਤ ਦੇ ਮਹਾਨ ਨੀਤੀਕਾਰ ਚਾਣਕਿਆ ਨੇ ਆਪ ਆਪਣੇ ਨੀਤੀ ਸ਼ਾਸ਼ਤਰ ਦਾ ਨਾਮ ਅਰਥ ਸ਼ਾਸਤਰ ਰੱਖਿਆ ਸੀ। ਮਹਾਂਭਾਰਤ ਗ੍ਰੰਥ ਵਿਚੋਂ ਸਾਨੂੰ ਭੀਸ਼ਮ ਨੀਤੀ ਤੇ ਵਿਦੁਰ ਨੀਤੀ ਦੇ ਦਰਸ਼ਨ ਹੁੰਦੇ ਹਨ। ਪਰ ਚਾਣਕਿਆ ਦੀ ਨੀਤੀ ਕਰਣੀ ਵਿਚ ਸਮੇਂ ਦੀ ਸਲੇਟ ਤੇ ਸਿੱਧ ਸਫ਼ਲ ਹੋਈ ਸੀ ਅਤੇ ਮੌਰਯਾ ਵੰਸ਼ ਦਾ ਵਿਸ਼ਾਲ ਤੇ ਸ਼ਕਤੀਸ਼ਾਲੀ ਰਾਜ ਸਥਾਪਿਤ ਹੋਇਆ ਸੀ। ਅਜੋਕੇ ਸਮੇਂ ਵਿਚ ਕਾਰਲ ਮਾਰਕਸ ਨੇ ਅਰਥ (ਦਿ ਕੈਪੀਟਾ) ਦੀ ਸਰਬੁੱਚਤਾ ਨੂੰ ਆਪਣੇ ਤ੍ਰਾਸਦੀਆਂ ਭਰੇ ਜੀਵਨ ਵਿਚੋਂ ਪ੍ਰਾਪਤ ਕੀਤਾ ਸੀ। ਮਾਰਕਸ ਨੂੰ ਆਪਣੀ ਮ੍ਰਿਤ ਪਤਨੀ ਨੂੰ ਦਫ਼ਨ ਕਰਨ ਲਈ ਮਿਤ੍ਰਾਂ ਕੋਲੋਂ ਧੰਨ ਮੰਗਣਾ ਪਿਆ ਸੀ। ਮਾਰਕਸ ਦੀ ਵਿਚਾਰਧਾਰਾ ਦਾ ਮਾਰਕਸਵਾਦ ਜਾਂ ਕੌਮਊਨਿਜ਼ਮ ਠੰਡੀ ਕੜ੍ਹੀ ਦੇ ਉਬਾਲੇ ਵਾਂਗ ਅਪਨਾ ਅੰਜ਼ਾਮ ਕਿਉਂ ਦੇਖ ਚੁੱਕਿਆ ਹੈ। ਇਹ ਵੇਰਵੇ ਇਥੇ ਦੇਣ ਦੀ ਲੋੜ ਨਹੀਂ।

ਹਰ ਹਾਲ ਵਿਚ ਸਮਾਜ ਵਿਚ ਰਹਿਣ ਲਈ, ਜੀਵਨ ਗੁਜਾਰਨ ਲਈ ਅਤੇ ਸਨਮਾਨਿਤ ਹੈਸੀਅਤ ਰੱਖਣ ਲਈ ਧਨ ਦੀ ਲੋੜ ਹੈ ਅਤੇ ਅਰਥ ਤੰਤ੍ਰ ਦੀ ਮਹੱਤਤਾ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਸਿੱਖ ਰਾਜ ਦੇ ਵੈਭਵ ਸ਼ਾਲੀ ਅਰਥਤੰਤ੍ਰ ਰਾਹੀਂ ਹਰਿ ਮੰਦਰ ਨੂੰ ਸਵਰਨ ਮੰਦਰ ਦੇ ਰੂਪ ਵਿਚ ਪ੍ਰਸਿਧ ਕਰਨ ਵਿਚ ਸਿੱਖ ਧਰਮ ਦੀ ਹਰਿ ਤੋਂ ਦੂਰੀ ਤੇ ਸੋਨੇ (ਧਨ) ਇਕੱਠਾ ਕਰਨ ਦੀ ਚੇਤਨਾ ਦਾ ਪ੍ਰਦਰਸ਼ਨ ਵੀ ਚੇਤਨ-ਅਚੇਤਨ ਵਿਚ ਸ਼ੁਰੂ ਤੋਂ ਮਨੁੱਖੀ ਮਜ਼ਬੂਰੀ ਤੇ ਹੋਂਦ ਬਣਿਆ ਰਿਹਾ ਹੈ। ਪੈਸੇ ਤੋਂ ਬਗੈਰ ਨਾ ਕਿਸੇ ਪੀਰੀ ਦਾ ਪ੍ਰਚਾਰ ਸੰਭਵ ਹੈ ਤੇ ਨਾਲ ਕਿਸੇ ਮੀਰੀ ਦਾ ਵਿਕਾਸ ਹੋਂਦ ਵਿਚ ਆ ਸਕਦਾ ਹੈ। ਗੁਰਦੁਆਰਿਆਂ ਦੀ ਮਹਾਨਤਾ ਦਾ ਪੈਮਾਨਾ ਗੋਲਕਾਂ ਦੇ ਵੱਡੇ ਆਕਾਰ ਹੀ ਮੱਥਾ ਟੇਕਣ ਵਾਲੇ ਸਿੱਖ ਦੇ ਸਾਹਮਣੇ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਮੰਚ ਦੇ ਅਨੇਕਾਂ ਸਜਾਵਟਾਂ ਤੋਂ ਬਾਦ ਜੰਗਲੇ ਦੀ ਪੂਰੀ ਚੌੜਾਈ ਮੁਤਾਬਕ ਭੀਮ ਸੈਨੀ ਬਕਸਿਆਂ ਵਿਚ ਭੇਟਾ ਪਾ ਕੇ ਗੋਲਕਾਂ ਨੂੰ ਮੱਥਾ ਟੇਕਿਆ ਜਾਂਦਾ ਹੈ ਤੇ ਮਗਰੋਂ ਗੋਗੜਾਂ ਵਾਲੇ ਪ੍ਰਬੰਧਕਾਂ ਦੇ ਦਰਸ਼ਨ ਕਰਕੇ ਇਹ (ਬੇਹਿਸਾਬੀ ਗੋਲਕ) ਅਨੁਮਾਨ ਵੀ ਲਗਾਇਆ ਜਾ ਸਕਦਾ ਹੈ ਕਿ ਸੇਵਾ ਦੇ ਨਾਮ ਦੇ ਸਾਮ-ਦਾਮ-ਭੇਦ-ਦੰਡ ਦੀ ਚਤੁਰਮੁਖੀ ਨੀਤੀ ਵਰਤ ਕੇ ਇਹ ਪ੍ਰੇਮੀ ਪ੍ਰਬੰਧਕ ਮੁਖੀ ਬਣਨਾ ਕਿਉਂ ਲੋਚਦੇ ਹਨ? ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖੀ ਗੁਰਬਾਣੀ ਅੱਖਰ ਰੂਪ ਵਿਚ ਨਿਰਵਿਕਾਰ ਢੰਗ

ਨਾਲ ਰੁਮਾਲਿਆਂ ਦੀ ਆਭਾ ਵਿਚ ਢਕੀ ਰਹਿੰਦੀ ਹੈ। ਕੀਰਤਨੀਏ ਇਸ ਗੁਰਬਾਣੀ ਦਾ ਗਾਇਨ ਕਰਕੇ ਸਰਗੁਨ ਸ਼ਬਦ ਵਿਚ ਸਰੋਤਿਆਂ ਨੂੰ ਜੋੜਨ ਦੇ ਕਾਰਕ ਕਹੇ ਜਾ ਸਕਦੇ ਹਨ। ਅਨਹਦ ਨਾਦ ਨਾਲ ਜੋੜਨ -ਜੁੜਨ ਵਾਲਾ ਕਰੋੜਾਂ ਵਿਚ ਕੋਈ ਹੁੰਦਾ ਹੈ।

ਗੁਰਮਤਿ ਵਿਚ ਪਾਠ ਕਰਨਾ ਤੇ ਪ੍ਰਭੂ ਕੀਰਤੀ ਦੇ ਹੋਰ ਸਾਧਨਾਂ ਨਾਲੋਂ ਕੀਰਤਨ ਨੂੰ ਸਰਬੋਤਮ ਮੰਨਿਆ ਗਿਆ ਹੈ। ਸੰਗੀਤ ਵਿਚ ਪਰੁਚਿਆ ਗੁਰਬਾਣੀ ਗਾਇਨ( ਕੀਰਤਨ) ਨਾਦ ਅਤੇ ਸ਼ਬਦ ਦਾ ਅਜਿਹਾ ਸੰਗਮ ਹੈ ਜੋ ਕੰਨਾਂ ਰਾਹੀਂ ਹਿਰਦੇ ਵਿਚ ਪ੍ਰਵੇਸ਼ ਕਰਕੇ ਹਿਰਦੇ ਨੂੰ ਦੇਹੀ ਸਾਧਨਾ ਦੇ ਆਵਰਣ ਤੋਂ ਦੂਰ ਸੁਰਤਿ ਮੰਡਲ ਵਿਚ ਲੈ ਜਾਣ ਲਈ ਸਮਰਥ ਹੈ।

*ਮੀਠੇ ਹਰਿ ਗੁਣ ਗਾਉ ਜਿੰਦੂ*
*ਤੂੰ ਮੀਠੇ ਹਰਿ ਗੁਣ ਗਾਉ।*
*ਸਚੇ ਸੇਤੀ ਰਤਿਆ ਮਿਲੈ ਨਿਥਾਵੇ ਥਾਉ।*

(ਗਉੜੀ ਮਾਝ ਮ: ੫, ਪੰਨਾ 218)

ਗੁਰਬਾਣੀ ਹੀ ਇਹ ਉਪਦੇਸ਼ ਵੀ ਦਿੰਦੀ ਹੈ ਕਿ ਜੋ ਕੀਰਤਨ ਵਿਚ ਸਾਕਾਰ ਹੁੰਦਾ ਹੈ

***ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋੁ।***
***ਹਰਿ ਕੀਰਤਨੁ ਆਧਾਰੁ ਨਿਹਚਲ ਏਹੁ ਧਨੋੁ।***

(ਆਸਾ ਮ: 5, ਪੰਨਾ 398)

ਇਹ ਉਪਦੇਸ਼ ਮੁਕਤੀ ਧਰਮ ਨਾਲ ਸਬੰਧਿਤ ਹੈ ਅਤੇ ਇਥੇ ਹਥਲੀ ਕਲਮ ਅਰਥ ਤੰਤ੍ਰ ਦੇ ਅਰਥ ਲੱਭ ਰਹੀ ਹੈ, ਇਸ ਲਈ ਮਨ ਮੱਥ ਰਹੇ ਪ੍ਰਕਰਣ ਨੂੰ ਛੂਹਣਾ ਜ਼ਰੂਰੀ ਹੈ। ਪੁਸਤਕ "ਸ਼ਬਦ ਗੁਰਪੀਰਾ" (ਲੇਖਕ ਸੰਤ ਸੇਵਾ ਸਿੰਘ ਰਾਮਪੁਰ ਖੇੜਾ-ਗੜ੍ਹਦੀਵਾਲ) ਦੇ ਪੰਨਾ 110 ਤੇ ਉਪ ਸਿਰਲੇਖ ਲਿਖਿਆ ਹੈ;.

ਲੋਭ ਮਨੁੱਖ ਦੇ ਸਭ ਗੁਣਾਂ ਨੂੰ ਕੱਜ ਲੈਂਦਾ ਹੈ। (ਬੇਸ਼ੱਕ ਇਹ ਸਾਰਥਕ ਵਿਚਾਰ ਹੈ) "ਆਪਾਂ ਆਪਣੇ ਜੀਵਨ ਵਿਚ ਵੇਖਦੇ ਹਾਂ। ਕੋਈ ਮਨੁੱਖ ਚੰਗਾ ਕਾਰੀਗਰ ਹੈ, ਚੰਗਾ ਵਿਦਵਾਨ ਹੈ, ਚੰਗਾ ਗੁਣੀ ਹੈ। ਚੰਗਾ ਕਥਾ ਵਾਚਕ ਹੈ। ਚੰਗਾ ਕੀਰਤਨੀਆ ਜਾਂ ਚੰਗਾ ਉਪਦੇਸ਼ਕ ਹੈ। ਸਰਬਗੁਣ ਸੰਪਨ ਹੈ ਪਰ ਜੇ ਲੋਭ ਲਾਲਚ ਦੇ ਅੰਦਰ ਵਾਸਾ ਹੈ , ਉਸ ਪ੍ਰਤੀ ਜੋ ਆਪਾਂ ਫਤਵਾ ਦਿੰਦੇ ਹਾਂ ਉਹ ਸਾਨੂੰ ਸਾਰਿਆਂ ਨੂੰ ਪਤਾ ਹੀ ਹੈ............"

ਐਸੇ ਪ੍ਰੇਮੀ ਦੇ ਜੀਵਨ ਦੀ ਘਟਨਾ ਅੱਖਾਂ ਸਾਹਮਣੇ ਵੇਖਣ ਨੂੰ ਮਿਲੀ, ਜਿਹਨਾਂ ਦਾ ਗਲਾ ਬੜਾ ਸੁਰੀਲਾ ਹੈ। ਗੁਰੂ ਪਾਤਸ਼ਾਹ ਜੀ ਨੇ ਕੀਰਤਨ ਦੀ ਦਾਤ ਵੀ ਖੁੱਲ੍ਹੇ ਦਿਲ ਨਾਲ ਦਿੱਤੀ ਹੋਈ ਹੈ। ਸੱਤ ਹਜ਼ਾਰ ਰੁਪਏ ਇਕ ਘੰਟੇ ਦੇ ਕੀਰਤਨ ਦੀ ਮੋਖ ਵੀ ਕਰ ਲਈ। ਘਰ ਵਾਲਿਆਂ ਦੀ ਮਜ਼ਬੂਰੀ ਹੋ ਗਈ, ਲੰਗਰ ਤਿਆਰੀ ਵਿਚ ਦਸ ਮਿੰਟ ਦਾ ਸਮਾਂ ਬਾਕੀ ਰਹਿੰਦਾ ਸੀ। ਪਰਿਵਾਰ ਦੇ ਮੁਖੀ ਨੇ ਬੇਨਤੀ ਕੀਤੀ ਗੁਰੂ ਪਿਆਰਿਓ! ਦਸ ਮਿੰਟ ਕ੍ਰਿਪਾ ਕਰਕੇ ਹੋਰ ਗੁਰੂ ਜੱਸ ਸਰਵਣ ਕਰਵਾ ਦਿਉ। ਅਜੇ ਲੰਗਰ ਵਿਚ ਕੁਝ ਢਿੱਲ ਹੈ। ਅਤਿ ਨਿਰਾਸ਼ਤਾ, ਪਰਿਵਾਰ ਤੇ ਸਮੂਹ ਸੰਗਤ ਨੂੰ ਉਸ ਵੇਲੇ ਹੋਈ ਜਦੋਂ ਭਰੀ ਸੰਗਤ ਵਿਚ ਸਟੇਜ ਉਤੋਂ ਹੀ ਉਨ੍ਹਾਂ ਪ੍ਰੇਮੀਆਂ ਨੇ ਇਹ ਕਹਿ ਕੇ ਕੀਰਤਨ ਬੰਦ ਕਰ ਦਿੱਤਾ ਕਿ ਜਿੰਨਾ ਸਮਾਂ ਅਸੀਂ ਹੋਰ ਕੀਰਤਨ ਕਰਾਂਗੇ ਸੱਤ ਹਜ਼ਾਰ ਰੁਪਏ ਘੰਟੇ ਦੇ ਹਿਸਾਬ ਨਾਲ ਤੁਹਾਨੂੰ ਵਾਧੂ ਪੈਸੇ ਦੇਣੇ ਪੈਣਗੇ। ਸਟੇਜ ਸਕੱਤਰ ਨੇ ਪਰਿਵਾਰ ਪਾਸੋਂ ਪ੍ਰਵਾਨਗੀ ਲੈ ਕੇ ਕੀਰਤਨੀ ਜਥੇ ਨੂੰ ਨਾਂਹ ਕਰ ਦਿੱਤੀ ਤੇ ਦਸ ਮਿੰਟ ਦਾ ਸਮਾਂ ਜੋ ਲੰਗਰ ਵਿਚ ਲੇਟ ਸੀ, ਕੀਰਤਨੀ ਸਿੰਘਾਂ ਦੀ ਸਾਰੀ ਘਟਨਾ ਸੰਗਤ ਨੂੰ ਦਸਦਿਆਂ ਅਤੇ ਉਨ੍ਹਾਂ ਦੀ ਕੌੜੀ ਸਿਫ਼ਤ ਸਲਾਹ ਸੰਗਤ ਨੂੰ ਸਰਵਣ ਕਰਾਉਂਦਿਆਂ ਪੂਰਾ ਕੀਤਾ। (ਜਦੋਂ ਸਟੇਜ ਤੇ ਉਨ੍ਹਾਂ ਮੁੱਲ ਮੰਗਿਆ ਤਾਂ ਖੁਲਾਸਾ ਕਾਹਦਾ ਸੀ)

"ਕੀਰਤਨੀਏ ਸਿੰਘ ਤਾਂ ਮਾਇਆ ਲੈ ਕੇ ਪਤ੍ਰਾ ਵਾਚ ਗਏ। ਸਾਰੀ ਸੰਗਤ ਨੇ ਕਾਫ਼ੀ ਬੁਰਾ ਮਨਾਇਆ। ਕੀਰਤਨ ਸੁਣ ਕੇ ਜਿੰਨਾ ਕੁ ਸੰਗਤਾਂ ਨੇ ਲਾਹਾ ਪ੍ਰਾਪਤ ਕੀਤਾ ਉਸ ਤੋਂ ਕਈ ਗੁਣਾਂ ਜ਼ਿਆਦਾ ਉਨ੍ਹਾਂ ਦੀ ਕੌੜੀ ਸਿਫ਼ਤ ਸਲਾਹ ਕਰਕੇ ਅਤੇ ਸੁਣ ਕੇ ਸੰਗਤਾਂ ਨੇ ਆਪਣੇ ਮਨ ਦੀ ਚੰਗੀ ਮਾੜੀ ਭੜਾਸ ਕੱਢੀ। ਪਰਿਵਾਰ ਨੇ ਵੀ ਸਦਾ ਵਾਸਤੇ ਉਨ੍ਹਾਂ ਨੂੰ ਕੀਰਤਨ ਦੀ ਸੇਵਾ ਲਈ ਨਾ ਸੱਦਣ ਦਾ ਮਨ ਬਣਾ ਲਿਆ। ਅੱਜ ਤਕਰੀਬਨ ਪੰਦਰਾਂ ਸਾਲ (ਸੰਨ 1989) ਕਿਉਂਕਿ ਪੁਸਤਕ ਦਾ ਪਹਿਲਾ ਐਡੀਸ਼ਨ ਜੂਨ 2004 ਵਿਚ ਛਪਿਆ ਸੀ) ਤੋਂ ਉਪਰ ਦਾ ਸਮਾਂ ਹੋ ਗਿਆ ਹੈ, ਮੁੜ ਇਸ ਇਲਾਕੇ ਵਿਚ ਉਨ੍ਹਾਂ ਨੂੰ ਕਿਸੇ ਨੇ ਮੂੰਹ ਨਹੀਂ ਲਾਇਆ।"

ਇਸ ਘਟਨਾ ਦਾ ਸੰਵਾਦ ਪੜ੍ਹ ਕੇ ਸੁਥਰੇ ਦੀ ਸਾਖੀ ਯਾਦ ਆਉਂਦੀ ਹੈ -ਦਸਮੇਸ਼ ਸਤਿਗੁਰ ਸਮੇਂ ਕੁਝ ਸਿੱਖ ਕਥਾ ਕੀਰਤਨ ਕਰ ਰਹੇ ਸਨ। ਸੁਥਰਾ ਉਧਰੋਂ ਦੀ ਲੰਘਿਆ ਤੇ ਮੋਟੀ ਜਿਹੀ ਗਾਲ੍ਹ ਕੱਢ ਕੇ ਹਿਰਣ ਹੋ ਗਿਆ। ਕੁਝ ਅਰਸੇ ਬਾਅਦ ਜਦੋਂ ਕੁਝ ਲੋਕਾਂ ਨੂੰ ਸੁਥਰਾ ਦਿੱਸਿਆ ਤਾਂ ਫੜ੍ਹ ਕੇ ਗੁਰੂ ਜੀ ਕੋਲ ਲੈ ਆਏ ਕਿ ਇਸਨੇ ਸਤਿਸੰਗ ਵਿਚ

ਗਾਲ੍ਹਾਂ ਕੱਢੀਆਂ ਸਨ। ਗੁਰੂ ਜੀ ਨੇ ਸੁਥਰੇ ਨੂੰ ਪੁਛਿਆ ਤੇ ਉਸ ਬੇਨਤੀ ਕੀਤੀ ਹਜ਼ੂਰ ਜੇਕਰ ਇਹ ਸੱਚੇ ਹਨ ਤਾਂ ਫਿਰ ਦੱਸਣ ਕਿ ਕਿਹੜੇ ਪ੍ਰਸੰਗ ਦੀ ਕਥਾ ਹੋ ਰਹੀ ਸੀ? ਗੁਰੂ ਜੀ ਨੇ ਸ਼ਿਕਾਇਤ ਕਰਤਿਆਂ ਨੂੰ ਪੁਛਿਆ ਤਾਂ ਸਭ ਇਕ ਦੂਜੇ ਦਾ ਮੂੰਹ ਦੇਖਣ ਲੱਗ ਪਏ ਤੇ ਉਤਰ ਦਿੱਤਾ ਹਜ਼ੂਰ ਯਾਦ ਨਹੀਂ ਆ ਰਿਹਾ। ਹੁਣ ਸੁਥਰਾ ਖੁੱਲ੍ਹ ਕੇ ਹੱਸਿਆ ਤੇ ਅਰਜ ਕੀਤੀ -ਹਜ਼ੂਰ! ਇਹ ਆਪਦੇ ਸਿੱਖ ਨਹੀਂ ਮੇਰੇ ਸਿੱਖ ਹਨ ਤੇ ਮੇਰਾ ਕਿਹਾ ਯਾਦ ਹੈ, ਗੁਰੂ ਕੀ ਸਾਖੀ ਯਾਦ ਨਹੀਂ।

'ਸ਼ਬਦ ਗੁਰ ਪੀਰਾ' ਦੇ ਲਾਲਚ ਪ੍ਰਸੰਗ ਵਿਚੋਂ ਸਪਸ਼ਟ ਹੈ ਕਿ ਪਰਿਵਾਰ ਨੇ ਕੀਰਤਨ ਨੂੰ ਹਉਮੈ ਪ੍ਰਦਰਸ਼ਨ ਕਰਨ ਲਈ ਧੰਧਾ ਸਵੀਕਾਰ ਕਰਕੇ ਹੀ ਪ੍ਰਸਿੱਧ ਕੀਰਤਨੀਏ ਨੂੰ ਸੱਤ ਹਜ਼ਾਰ ਰੁਪਏ ਮੋਖ ਤੇ ਬੁਲਾਇਆ ਸੀ। ਸੁਭਾਵਿਕ ਹੈ ਉਸ ਸਮਾਗਮ ਵਿਚ ਲੱਖਾਂ ਦੇ ਖਰਚੇ ਨਾਲ ਹਉਮੈ ਪ੍ਰਤਿਸ਼ਠਾ ਪ੍ਰਦਰਸ਼ਨ ਦਾ ਆਯੋਜਨ ਹੀ ਕੀਤਾ ਗਿਆ ਸੀ। ਸਟੇਜ ਲੱਗੀ ਸੀ ਤਾਂ ਸ਼ਾਮਿਆਨਾ ਵੀ ਲੱਗਿਆ ਹੋਵੇਗਾ ਅਤੇ ਲੰਗਰ ਵੀ ਦਾਲ ਪ੍ਰਸ਼ਾਦੇ ਦਾ ਹੋਵੇਗਾ। ਜੇਕਰ ਕੀਰਤਨੀਏ ਲਾਲਚੀ ਵੀ ਮੰਨ ਲਏ ਜਾਣ (ਮੇਰੇ ਖਿਆਲ ਵਿਚ ਲਾਲਚੀ ਨਹੀਂ ਸਟੀਕ ਵਿਹਾਗੀ ਕੋਰੇ ਧੰਧੇ ਬਾਜ਼ ਸਨ ਤੇ ਸ਼ਹਰ ਵਿਚ ਸ਼ਰਮ ਨਹੀਂ ਹੁੰਦੀ) ਤਾਂ ਪਰਿਵਾਰ ਵਾਲੇ ਹਉਮੈ ਭਰੇ ਸਨ ਤੇ ਸਟੇਜ ਸਕੱਤਰ ਇਕ ਘਟੀਆ ਤੇ ਸਾਕਤ ਇਨਸਾਨ ਸੀ। ਅਰਥ ਦਾ ਕਾਲ-ਕੀਰਤਨ ਤਾਂ ਨਿੰਦਿਆਂ ਰੂਪ ਵਿਚ ਸਟੇਜ ਸਕੱਤਰ ਨੇ ਕੀਤਾ ਤੇ ਸਾਰੇ ਸਰੋਤਿਆਂ ਨੇ ਹਿੱਸੇਦਾਰੀ ਪਾ ਕੇ ਖੁੱਲ੍ਹਾ ਨਿੰਦਾ ਦੀਵਾਨ ਬਣਾ ਕੇ ਕੀਰਤਨੀਏ ਦੇ ਲਾਲਚ ਦੇ ਮੈਲੇ ਕੱਪੜੇ ਧੋਂਦੇ ਹੋਏ ਆਪਣੇ ਸਿਰਾਂ ਤੇ ਮੈਲ ਚੁੱਕੇ ਕੇ ਲੈ ਗਏ। ਵਾਸਤਵ ਵਿਚ ਲਾਲਚੀ ਤਾਂ ਪਰਿਵਾਰ ਵਾਲੇ ਸਨ ਜੋ ਧਨਵਾਨ ਹੋ ਕੇ ਧੰਧੇ ਸੌਦੇ ਵਿਚ ਝੂੰਘਾ ਨਾ ਮਿਲਣ ਕਰਕੇ ਆਪਣੀ ਮੂਲਕ ਸਥਿਤੀ (ਧੰਨ ਦੇ ਅਭਾਵ ਦੀ ਦੇਖੀ ਗਰੀਬੀ ਤੇ ਸੰਸਕਾਰ ਹੀਨ ਮਾਨਸਿਕਤਾ) ਨੂੰ ਉਜਾਗਰ ਕਰ ਗਏ। ਨਿਸ਼ਚਿਤ ਹੈ ਕੀਰਤਨੀਏ ਨੂੰ ਲੰਗਰ ਵੀ ਨਹੀਂ ਛਕਾਇਆ ਗਿਆ ਹੋਵੇਗਾ। ਜੇਕਰ 15 ਸਾਲ ਤੋਂ ਇਲਾਕੇ ਨੇ ਬੁਲਾਇਆ ਹੀ ਨਹੀਂ ਤਾਂ ਕੀਰਤਨੀਏ ਸੱਦਾ ਲੈਣ ਜਾਂ ਸੌਦਾ ਕਰਨ ਵੀ ਕਦੀ ਨਹੀਂ ਗਏ ਹੋਣਗੇ। ਸ਼ਬਦ ਗੁਰੂ ਉਪਮਾ ਦੀ ਪੁਸਤਕ ਵਿਚ ਦਰਜ਼ ਇਹ ਪ੍ਰਸੰਗ ਨਿਰਪੱਖ ਚੇਤਨਾ ਤੇ ਸੂਝ ਦਾ ਪਰਿਚੈ ਨਹੀਂ ਦੇਂਦਾ ਤੇ ਤਸਵੀਰ ਦਾ ਇਕ ਪਾਸਾ ਹੀ ਦਿਖਾਉਂਦਾ ਹੈ।

ਨਿਜੀ ਅਨੁਭਵ ਵਿਚ ਦੇਖਿਆ ਕਿ ਇਕ ਸੱਜਣ ਦੇ ਲੜਕੇ ਦੀ ਸ਼ਾਦੀ ਵਿਚ ਰਾਗੀ ਨਾ ਪੁੱਜੇ (ਜੋ ਕਿਸੇ ਹੋਰ ਸਮਾਗਮ ਵਿਚ ਪ੍ਰੋਗਰਾਮ ਦੀ ਦੇਰੀ ਕਾਰਨ ਫਸੇ ਹੋਏ ਸਨ) ਤਾਂ ਘਰ ਵਾਲਿਆਂ ਭੱਜ ਦੌੜ ਕਰਕੇ ਕਿਸੇ ਗੁਰਦੁਆਰੇ ਤੋਂ ਹੋਰ ਜਥਾ ਲੈ ਆਂਦਾ। ਲਾਵਾਂ ਪੜ੍ਹਨ ਤਕ ਨਿਯਤ ਜੱਥਾ ਵੀ ਆ ਗਿਆ। ਘਰ ਵਾਲਿਆਂ ਨੂੰ ਦੋਹਾਂ ਜਥਿਆਂ ਨੂੰ ਮਾਇਆ ਭੇਟ ਦੇ ਕੇ ਸੰਤੁਸ਼ਟ ਕਰਨਾ ਹੀ ਪਿਆ। ਅਜਿਹੇ ਪ੍ਰਸੰਗਾਂ ਵਿਚ ਸਾਡੇ ਸਮਾਜ ਵਿਚ ਸਮੇਂ ਦੀ ਬੇਕਦਰੀ, ਰਿਵਾਜਾਂ ਦੀ ਐਯਾਸ਼ੀ , ਮਨਮਤਿ ਅਤੇ ਗੁਰਮਤਿ ਸਾਤਵਿਕਤਾ ਦੀ ਅਣਗਹਿਲੀ ਹੀ ਪ੍ਰਗਟ ਹੁੰਦੀ ਹੈ। ਨਿਜੀ ਤੌਰ ਤੇ ਮੈਂ 1994-1998 ਤਕ ਇਕ ਨੀਲਧਾਰੀ ਡੇਰੇ ਦੀ ਕਾਰ ਸੇਵਾ ਨਾਲ ਜੁੜਿਆ ਰਿਹਾ ਤੇ ਇਹ ਸਿਰੋਪਾ ਲੈ ਕੇ ਨਿਕਲਿਆ ਕਿ 'ਕਰਤਾਰ ਸਿੰਘ ਨਾ ਖਾਂਦਾ ਹੈ ਨਾ ਖਾਣ ਦਿੰਦਾ ਹੈ ਇਸ ਲਈ ਇਸ ਨੂੰ ਕੱਢਣ ਦਾ ਜੁਗਾੜ ਕਰਨਾ ਪਿਆ।'

ਸਾਡੇ ਜਥੇ ਵਿਚ ਇਕ ਸੱਜਣ ਬੜਾ ਭਾਵ ਭਿੰਨਾ ਕੀਰਤਨ ਕਰਦੇ ਹੋਏ ਅੱਥਰੂ ਵੀ ਕੇਰ ਲੈਂਦੇਂ ਸਨ। ਉਸ ਦੌਰਾਨ ਸੰਗਤ ਦੇ ਇਕ ਵੀਰ ਨੇ ਮੋਹਾਲੀ ਵਿਚ ਚਾਰ ਲੱਖ ਲਾ ਕੇ ਕੋਠੀ ਬਣਾਈ ਤੇ ਕੀਰਤਨ ਲਈ ਕਾਰ ਸੇਵਾ ਦੇ ਜਥੇ ਦੇ ਕੀਰਤਨੀ ਸਕਤਰ ਨੂੰ ਬੁਲਾਇਆ ਤੇ ਸੱਦਾ ਮਿਲਣ ਕਾਰਨ ਮੈਂ ਵੀ ਉਸ ਦੀ ਕਾਰ ਵਿਚ ਮੋਹਾਲੀ ਗਿਆ। ਪ੍ਰੇਮੀ ਪਰਿਵਾਰ ਨੇ ਕੀਰਤਨ ਕਰਾਇਆ, ਸਹਿਜ ਪਾਠ ਦਾ ਭੋਗ ਪੁਆਇਆ, ਅਰਦਾਸ ਵੀ ਕਰਾਈ, ਪ੍ਰਸ਼ਾਦ ਵਰਤਾਨ ਦੀ ਸੇਵਾ ਵੀ ਲਈ ਤੇ ਮਗਰੋਂ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਸਬੰਧਤ ਗੁਰਦੁਆਰੇ ਵਿਚ ਪੁੱਜਾਉਣ ਦੀ ਸੇਵਾ ਵੀ ਲਈ। ਕੀਰਤਨੀਏ ਸਕੱਤਰ ਨਾਲ ਕੁਝ ਸੇਵਾ ਕਾਰਜ ਮੈਨੂੰ ਵੀ ਕਰਨੇ ਪੈਣੇ ਹੀ ਸਨ। ਉਸ ਪ੍ਰੇਮੀ ਨੇ ਵਾਜੇ ਉਤੇ ਪੰਜਾਹ ਰੁਪਏ ਦਾ ਨੋਟ ਖੋਹਲ ਕੇ ਭੇਟ ਰੱਖਿਆ ਸੀ। ਲੰਗਰ ਤੋਂ ਪਹਿਲਾਂ ਵਾਜੇ ਦੀ ਭੇਟਾ (130-140ਰੁਪਏ) ਦੀ ਰਸੀਦ ਕਾਰ ਸੇਵਾ ਦੀ ਰਸੀਦ ਬੁਕ ਵਿਚੋਂ ਰੁਟੀਨ ਨਾਲ ਦੇ ਦਿੱਤੀ ਗਈ। ਸਾਡਾ ਲਾਲਚ ਕਾਰ ਸੇਵਾ ਲਈ ਉਗਰਾਹੀ ਦੇ ਸਬਬ ਨਾਲ ਹੀ ਜੁੜਿਆ ਹੋਇਆ ਸੀ । ਜਨਮ, ਮਰਨ, ਵਿਆਹ, ਚੱਠ ਆਦਿਕ ਸਮਾਗਮਾਂ ਵਿਚ ਰਸੀਦ ਬੁੱਕ ਲੈ ਕੇ ਜਾਂਦੇ ਸੀ ਅਤੇ ਸੱਦੇ ਨੂੰ ਸਾਰਥਕ ਸਮਝਦੇ ਸੀ।

ਮਗਰੋਂ ਮੈਂ ਨਿਰਣਾ ਲਿਆ ਕੀਤਾ ਕਿ ਕਿਸੇ ਦੇ ਘਰ ਤਾਂ ਹੀ ਜਾਵਾਂਗੇ ਜੇਕਰ ਸੱਦਣ ਵਾਲੇ ਪਹਿਲਾਂ ਗਿਆਰਾਂ

ਸੌ ਦੀ ਕਾਰ ਸੇਵਾ ਦੀ ਪਰਚੀ ਕਟਾ ਲੈਣ। ਕੀਰਤਨੀ ਸਕਤਰ ਇਸ ਸੁਝਾਅ ਤੇ ਸਹਿਮਤ ਨਹੀਂ ਸਨ ਪਰ ਮੇਰਾ ਮੱਤ ਸੀ ਕਿ ਅਸੀਂ ਅਜਿਹੇ ਵਿਹਾਰਾਂ ਨਾਲ ਜੁੜੇ (ਧੰਧੇਬਾਜ) ਨਹੀਂ ਸਗੋਂ ਆਪਣੀ ਦੁਕਾਨ ਦੇ ਬਿਜਨੈਸ ਦਾ ਹਰਜਾ ਕਰਕੇ ਵੀ ਜਾਂਦੇ ਹਾਂ ਤਾਂ ਕਾਰ ਸੇਵਾ ਲਈ ਕਿਸੇ ਸਮਾਗਮ ਵਿਚ ਧਰਮਕਾਰ ਸੇਵਾ ਕਰਨ ਦੀ ਫੀਸ ਲੈਣੀ ਉਚਿਤ ਹੈ। ਰਿਸ਼ਤੇਦਾਰੀ ਵਿਚ ਇਕ ਪ੍ਰੇਮੀ ਦੀ ਲੜਕੀ ਦੀ ਸ਼ਾਦੀ ਦੇ ਸੱਦਾ ਪੱਤਰ ਨਾਲ ਸ਼ਾਦੀ ਵਿਚ ਸੱਦਾ ਦਿੱਤਾ ਤਾਂ ਗਿਆਰਾਂ ਸੌ ਦੀ ਪਰਚੀ ਕਟਾਉਣ ਲਈ ਕਿਹਾ ਤਾਂ ਬੜੇ ਔਖੇ ਹੋਏ ਤੇ ਕਿਹਾ ਜੇਕਰ ਕੋਈ ਨਾ ਦੇ ਸਕਦਾ ਹੋਵੇ? ਮੈਂ ਉਤਰ ਦਿੱਤਾ -ਜਿਸ ਢੰਗ ਨਾਲ ਤੁਸੀਂ ਸਮਾਗਮ ਕਰ ਰਹੇ ਹੋ ਇਹ ਭੇਟਾ ਬੜੀ ਨਿਗੂਣੀ ਹੈ ਤੇ ਮੈਂ ਆਪਣਾ ਸਮਾਂ ਦੇਣ ਤੇ ਜਿੰਮੇਵਾਰੀ ਪੂਰੀ ਕਰਨ ਲਈ ਕਾਰ ਸੇਵਾ ਲਈ ਲੈ ਰਿਹਾ ਹਾਂ ਇਸ ਲਈ ਇਤਰਾਜ਼ ਨਹੀਂ ਹੋਣਾ ਚਾਹੀਦਾ ਹੈ। ਉਹ ਮੇਰੇ ਨਾਲ ਰੁਸ਼ਟ ਹੋ ਗਏ ਤੇ ਵਿਆਹ ਦਾ ਸੱਦਾ ਪੱਤਰ ਵੀ ਚੁੱਕ ਕੇ ਲੈ ਗਏ। ਦੇਵਨੇਤ ਇਹ ਹੋਈ ਕਿ ਉਸ ਵਿਆਹ ਵਿੱਚ ਕੁੜੀ ਦੇ ਬਿਊਟੀਸ਼ੀਅਨ ਕੋਲ ਦੇਰ ਲੱਗਣ ਕਾਰਣ ਨਾਨਕੇ ਦਾਦਕਿਆਂ ਵਿੱਚ ਚੰਗਾ ਤੱਤਾ ਸ਼ੀਤ ਯੁੱਧ ਹੋਇਆ ਤੇ ਗੁਰੂ ਨੇ ਚੰਗਿਆੜਾਂ ਤੋਂ ਬਚਾ ਲਿਆ।

ਉਪਰੋਕਤ ਬਿਆਨ ਤਸਵੀਰ ਦਾ ਦੂਜਾ ਪਾਸਾ ਦੱਸਣ ਲਈ ਦਰਜ ਕੀਤੇ ਹਨ ਕਿਉਂ ਕਿ ਕੀਰਤਨੀਏ ਬੇਤਰਤੀਬੀ ਨਾਲ ਬਦਨਾਮ ਕੀਤੇ ਜਾ ਰਹੇ ਹਨ। ਕਿਸੇ ਵੱਲ ਇੱਕ ਉਂਗਲ ਚੁੱਕਣ ਸਮੇਂ ਕੁਦਰਤੀ ਚੇਤਾ ਰੱਖਣਾ ਚਾਹੀਦਾ ਹੈ ਕਿ ਤਿੰਨ ਉਂਗਲਾਂ ਸਾਡੇ ਆਪਣੇ ਵੱਲ ਹੋਈਆਂ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੁਆਰਾ ਵਾਜੇ ਦੀ ਭੇਟਾ ਲੁੱਟਣ ਤੇ ਹੱਕ ਜਮਾਣ ਦੀ ਮਨਮਤਿ ਪਹਿਲਾਂ ਵੀ ਇਸ ਪਰਚੇ ਦੀ ਲਿਖਤ ਵਿੱਚ ਦਰਜ ਹੋਈ ਹੈ। ਰਾਗੀ ਜਥਿਆਂ ਤੇ ਪ੍ਰਬੰਧਕਾਂ ਦਾ ਇਹ ਧੰਦਾ ਹੈ ਜਿਵੇਂ ਸਕੂਲ ਮਾਸਟਰ ਜਾਂ ਪ੍ਰੋਫੈਸਰ ਬਾਰ ਬਾਰ ਉਹ ਕਿਤਾਬਾਂ ਪੜ੍ਹਾਈ ਜਾ ਰਿਹਾ ਹੈ ਪਰ ਉਸ ਨੂੰ ਕਿਸੇ ਫਲਸਫੇ ਨਾਲ ਜੀਵਨ ਢਾਲਣ ਨਾਲੋਂ ਟਿਊਸ਼ਨਾਂ ਦੀ ਕਮਾਈ ਦੀ ਫਿਕਰ ਜਿਆਦਾ ਹੁੰਦੀ ਹੈ। ਕੀਰਤਨੀਏ -ਪ੍ਰਚਾਰਕ ਤੇ ਡੇਰੇਦਾਰ ਸ਼ੁਹਰਤ ਬਣਾ ਕੇ ਬਦੇਸ਼ਾਂ ਵਿੱਚ ਡਾਲਰ ਪੌਂਡ ਕਮਾਣ ਜਾਂਦੇ ਹਨ ਤਾਂ ਗੁਨਾਹ ਨਹੀਂ ਕਰਦੇ ਸਾਰੇ ਧੰਦੇਬਾਜ ਡਾਲਰਾਂ ਦੀ ਕਮਾਈ ਕਰਕੇ 45 ਨਾਲ ਗੁਣਾ ਕਰਕੇ ਕੋਠੀਆਂ ਪਾਉਣਾ ਚਾਹੁੰਦੇ ਹਨ ਤਾਂ ਕੀ ਇਹ ਲਾਲਚ ਹੈ? ਨਹੀਂ! ਸਮਾਜ ਨੇ ਆਰਥਿਕ ਸੰਤੁਲਨ ਤੇ ਨਿਆਂ ਬਾਰੇ ਆਪ ਸੋਚਣਾ ਹੈ। ਭਾਈ ਸੱਤੇ ਬਲਵੰਡ ਦਾ ਪ੍ਰਸੰਗ ਗੁਰੂ ਦਰ ਤੋਂ ਮੁਆਫੀ ਅਤੇ ਆਤਮ ਪ੍ਰਕਾਸ਼ ਦੇ ਕੀਰਤਨੀ ਲਕਸ਼ ਦਾ ਆਦਰਸ਼ ਹੈ। ਉਹਨਾਂ ਦੀ ਇਸ ਮੁਕਤੀ ਮਾਰਗ ਦੇ ਆਤਮ ਅਨੁਭਵ ਨਾਲ ਉਚਾਰੀ ਵਾਰ ਗੁਰੂ ਗ੍ਰੰਥ ਸਾਹਿਬ ਦਾ ਅੰਗ ਬਣੀ ਹੈ ਤੇ ਭਾਈ ਸੱਤਾ ਬਲਵੰਡ ਗੁਰੂ ਦਰਬਾਰ ਵਿੱਚ ਸੁਸ਼ੋਭਿਤ ਮੱਥੇ ਟਿਕਵਾ ਰਹੇ ਹਨ।

*ਗਲੀ ਅਸੀਂ ਚੰਗੀਆਂ ਆਚਾਰੀ ਬੁਰੀਆਹ।*
*ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹੁ।*
*ਰੀਸਾ ਕਰਹਿ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ।*
*ਨਾਲਿ ਖਸਮੈ ਰਤੀਆ ਮਾਣਹਿ ਸੁਖ ਰਲੀਆਹ।*

(ਸਿਰੀ ਪਹਿਲਾ 85)

---

*162-ਏ, ਗਰੇਨ ਮਾਰਕੀਟ, ਮੱਧਿਆ ਮਾਰਗ, ਚੰਡੀਗੜ੍ਹ*

# ਟਕਸਾਲੀ ਕੀਰਤਨੀਏ ਭਾਈ ਸਾਹਿਬ ਭਾਈ ਕਿਰਪਾਲ ਸਿੰਘ ਜੀ

## ਭਾਈ ਕਰਮ ਸਿੰਘ ਰਤਨ

ਭਾਈ ਕਿਰਪਾਲ ਸਿੰਘ ਜੀ, ਸਾਬਕਾ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਬੜੇ ਸੁਲਝੇ ਹੋਏ, ਸੁਰੀਲੇ ਅਤੇ ਕਲਾਸੀਕਲ ਸੰਗੀਤ ਦੇ ਟਕਸਾਲੀ ਕੀਰਤਨੀਏ ਸਨ।

ਆਪ ਜੀ ਨਾਲ ਮੇਰਾ ਸੰਪਰਕ ਸੰਨ 1955 ਵਿਚ ਪਹਿਲੀ ਵਾਰ ਹੋਇਆ ਸੀ, ਜਦੋਂ ਮੇਰੀ ਉਮਰ ਤਕਰੀਬਨ ਸੋਲਾਂ-ਸਤਾਰਾਂ ਸਾਲ ਦੇ ਕਰੀਬ ਸੀ। ਮੈਂ ਉਦੋਂ ਗੁਰਦੁਆਰਾ ਗੋਬਿੰਦਪੁਰ (ਲਭੂਵਾਲਾ ਤਲਾ) ਅੰਬਾਲਾ ਸ਼ਹਿਰ ਵਿਖੇ ਭਾਈ ਜਸਵੰਤ ਸਿੰਘ ਮਹੰਤ ਨਾਲ ਤਬਲਾ ਵਜਾਉਣ ਦੀ ਡਿਊਟੀ ਕਰ ਰਿਹਾ ਸੀ, ਅਤੇ ਭਾਈ ਕਿਰਪਾਲ ਸਿੰਘ ਜੀ ਆਪਣੇ ਛੋਟੇ ਭਰਾ ਭਾਈ ਅਮਰ ਸਿੰਘ ਨਾਲ ਇਥੇ ਸਾਡੇ ਪਾਸ ਆਏ ਅਤੇ ਰਾਤ ਰਹੇ ਤੇ ਉਥੇ ਇਨ੍ਹਾਂ ਨੇ ਕੀਰਤਨ ਵੀ ਕੀਤਾ ਤੇ ਮੈਂ ਨਾਲ ਤਬਲੇ ਤੇ ਸਾਥ ਦਿੱਤਾ, ਤੇ ਕੀਰਤਨ ਤੋਂ ਬਾਅਦ ਭਾਈ ਸਾਹਿਬ ਮੈਨੂੰ ਕਹਿਣ ਲੱਗੇ ਕਿ ਅਸੀਂ ਤੈਨੂੰ ਲੈਣ ਵਾਸਤੇ ਆਏ ਹਾਂ। ਆਪਣੇ ਨਾਲ ਤਬਲੇ ਵਾਲਾ ਚਾਹੀਦਾ ਹੈ। ਮੇਰੇ ਪਿਤਾ ਜੀ ਉਦੋਂ ਰਾਜਪੁਰੇ ਰਹਿੰਦੇ ਸਨ, ਤੇ ਭਾਈ ਸਾਹਿਬ ਜੀ ਨੇ ਮੈਨੂੰ ਆਖਿਆ ਕਿ ਅਸੀਂ ਰਾਜਪੁਰੇ ਤੁਹਾਡੇ ਪਿਤਾ ਜੀ ਤੋਂ ਆਗਿਆ ਲੈ ਆਏ ਹਾਂ ਤੈਨੂੰ ਨਾਲ ਲੈਣ ਲਈ। ਤੇ ਮੈਨੂੰ ਉਨ੍ਹਾਂ ਨੇ, ਤੇ ਉਨ੍ਹਾਂ ਦੇ ਰਿਸ਼ਤੇ ਬਾਰੇ ਵੀ ਦਸਿਆ ਕਿ ਤੂੰ ਸਾਡਾ ਹੀ ਬੱਚਾ ਹੈਂ ਬਲਕੇ ਰਿਸ਼ਤੇ ਵਿਚ ਸਾਡਾ ਭਰਾ ਹੀ ਲੱਗਦਾ ਹੈਂ। ਭਾਈ ਕਿਰਪਾਲ ਸਿੰਘ ਜੀ ਦੀ ਮਾਤਾ, ਮਾਤਾ ਆਸ ਕੌਰ ਜੀ ਰਿਸ਼ਤੇ ਵਿਚੋਂ ਮੇਰੀ ਭੂਆ ਜੀ ਲੱਗਦੀ ਸੀ। ਇਸ ਰਿਸ਼ਤੇ ਅਨੁਸਾਰ ਭਾਈ ਕਿਰਪਾਲ ਸਿੰਘ ਜੀ ਦਾਸ ਦੇ ਭਰਾ ਹੀ ਲੱਗਦੇ ਸਨ, ਅਤੇ ਮੇਰੀ ਮਾਂ ਵੀ ਇਨ੍ਹਾਂ ਦੇ ਪਿੰਡ ਦੀ ਹੀ ਸੀ, ਤੇ ਤੇਰਾ ਜਨਮ ਵੀ ਭਾਈ ਸਾਹਿਬ ਦੇ ਪਿੰਡ ਜਫ਼ਾਪੁਰ ਵਿਚ ਹੀ ਹੋਇਆ ਸੀ, ਅਤੇ ਮੇਰੀ ਮਾਤਾ ਇਨ੍ਹਾ ਨੂੰ ਆਪਣਾ ਭਰਾ ਮੰਨਦੀ ਸੀ। ਇਸ ਲਈ ਮੇਰੀ ਮਾਂ ਮੈਨੂੰ ਕਹਿੰਦੀ ਸੀ ਕਿ ਇਹ ਤੇਰੇ ਮਾਮਾ ਜੀ ਲੱਗਦੇ ਹਨ, ਸੋ ਇਸ ਤਰ੍ਹਾਂ ਭਾਈ ਸਾਹਿਬ ਤੇ ਮੇਰਾ ਦੂਹਰਾ ਰਿਸ਼ਤਾ ਭਰਾ ਅਤੇ ਭਣੇਵੇਂ ਵਾਲਾ ਸੀ। ਪਰ ਮੈਂ ਇਨ੍ਹਾਂ ਰਿਸ਼ਤਿਆਂ ਤੋਂ ਅਨਜਾਣ ਸੀ, ਜੋ ਭਾਈ ਸਾਹਿਬ ਜੀ ਨੇ ਆਪ ਮੈਨੂੰ ਸਮਝਾਏ ਅਤੇ ਭਾਈ ਸਾਹਿਬ ਨੇ ਮੈਨੂੰ ਕਿਹਾ ਕਿ ਅਸੀਂ ਤੈਨੂੰ ਨਾਲ ਤਾਂ ਰੱਖਾਂਗੇ ਹੀ ਤੈਨੂੰ ਹੋਰ ਵੀ ਸਿਖਾਵਾਂਗੇ ਤਾਂ ਕਿ ਤੂੰ ਤਰੱਕੀ ਕਰੇਂ। ਸੋ ਮੈਂ ਵੀ ਉਦੋਂ ਮੌਕੇ ਦੀ ਤਲਾਸ਼ ਵਿਚ ਸੀ ਕਿ ਕੋਈ ਐਸਾ ਮੈਨੂੰ ਮਿਲੇ ਜੋ ਮੈਨੂੰ ਹਨੇਰੀ ਕੋਠੜੀ 'ਚੋਂ ਕੱਢ ਕੇ ਰੌਸ਼ਨੀ ਵਿਖਾਵੇ ਤੇ ਮੇਰੀ ਤਰੱਕੀ ਕਰਾਵੇ ਅਤੇ ਮੈਨੂੰ ਬਾਹਰ ਘੁੰਮਣ ਦਾ ਵੀ ਬਹੁਤ ਸ਼ੌਕ ਸੀ, ਸੋ ਇਹਨਾਂ ਦੀ ਸਲਾਹ ਸੁਣ ਕੇ ਮੈਂ ਆਪਣੇ ਮਨ ਨਾਲ ਫੈਸਲਾ ਕੀਤਾ ਕਿ ਮਨਾਂ ਐਸਾ ਸੁਨਹਿਰਾ ਮੌਕਾ ਤੈਨੂੰ ਫਿਰੇ, ਪਤਾ ਨਹੀਂ ਮਿਲੇ ਕਿ ਨਾ ਮਿਲੇ। ਸੋ ਮੌਕਾ ਸੰਭਾਲ ਲੈ। ਤੇ ਇਹ ਸੋਚ ਕੇ ਮੈਂ ਸਲਾਹ ਕੀਤੀ ਕਿ ਜੇਕਰ ਛੁੱਟੀ ਮੰਗੀ ਤਾਂ ਇਹਨਾਂ ਮੈਨੂੰ ਛੁੱਟੀ ਦੇਣੀ ਨਹੀਂ, ਸੋ ਮੈਂ ਬਿਨਾਂ ਕਿਸੇ ਨੂੰ ਦੱਸੇ ਤੇ ਬਿਨਾਂ ਤਨਖਾਹ ਲਏ ਜੋ ਮੇਰੀ ਬਣਦੀ ਸੀ, ਭਾਈ ਕਿਰਪਾਲ ਸਿੰਘ ਜੀ ਨਾਲ ਅੰਬਾਲਾ ਛਡ ਕੇ ਪਟਿਆਲਾ ਇਹਨਾਂ ਦੇ ਘਰ ਜੋ ਤ੍ਰਿਪੜੀ ਟਾਊਨ ਵਿਚ ਸੀ, ਉਥੇ ਆ ਗਿਆ। ਤੇ ਮੁੜ ਕੇ ਅੰਬਾਲਾ ਸ਼ਹਿਰ ਮੈਂ ਉਦੋਂ ਗਿਆ ਸੀ ਜਦੋਂ ਅੰਬਾਲਾ ਸ਼ਹਿਰ ਦੀ ਸਭਾ ਨੇ ਮੇਰਾ ਆਪਣਾ ਰਾਗੀ ਜਥਾ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਅਵਤਾਰ ਪੂਰਬ ਤੇ ਬੁਕ ਕਰ ਕੇ ਮੈਨੂੰ ਸੱਦਿਆ ਸੀ, ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਸਾਹਿਬ ਵਿਖੇ।

ਸੋ ਸਭ ਤੋਂ ਪਹਿਲਾਂ ਭਾਈ ਕਿਰਪਾਲ ਸਿੰਘ ਜੀ ਨੇ, ਆਪਣੇ ਛੋਟੇ ਭਰਾ ਭਾਈ ਅਮਰ ਸਿੰਘ ਜੀ ਅਤੇ ਮੈਨੂੰ ਨਾਲ ਲੈ ਕੇ ਆਪਣਾ ਰਾਗੀ ਜਥਾ ਕਾਇਮ ਕੀਤਾ, ਤੇ ਸਭ ਤੋਂ ਪਹਿਲਾ ਟੂਰ ਅਸੀਂ ਕੀਤਾ, ਜਿਸ ਵਿਚ ਸੰਨ 1956 ਦਾ ਗੁਰੂ ਨਾਨਕ ਸਾਹਿਬ ਜੀ ਦਾ ਗੁਰਪੁਰਬ ਅਸੀਂ ਦਿੱਲੀ ਵਿਖੇ ਵੱਖੋ ਵੱਖ ਕਲੋਨੀਆਂ ਵਿਚ ਚੌਕੀਆਂ ਬੁਕ ਕਰ ਕੇ ਕੀਤਾ ਤੇ ਫਿਰ ਦਿੱਲੀ ਤੋਂ ਆਗਰਾ, ਫਿਰ ਭੁਪਾਲ ਤੋਂ ਹੁੰਦੇ ਹੋਏ ਇੰਦੌਰ, ਤੇ ਫਿਰ ਖੰਡਵਾ ਤੇ ਬੰਬਈ ਪਹੁੰਚੇ, ਤੇ ਦਸਮ ਪਾਤਸ਼ਾਹ ਜੀ ਦਾ ਗੁਰਪੁਰਬ ਅਸੀਂ ਸਿੰਘ ਸਭਾ ਬੰਬਈ ਵਲੋਂ ਕੀਤਾ, ਫਿਰ ਉਸ ਤੋਂ ਬਾਅਦ ਵਾਪਸ ਪਟਿਆਲੇ ਆ ਕੇ ਗੁਰਦੁਆਰਾ ਸਿੰਘ ਸਭਾ ਸ੍ਰੀ ਗੰਗਾ ਨਗਰ ਰਾਜਸਥਾਨ ਵਿਖੇ ਭਾਈ ਸਾਹਿਬ ਨੂੰ ਪੱਕੀ ਡਿਊਟੀ ਕੀਰਤਨ ਦੀ ਮਿਲ ਗਈ ਤੇ ਭਾਈ ਸਾਹਿਬ ਮੈਨੂੰ ਕਹਿਣ

ਲੱਗੇ ਕਿ ਇਹ ਡਿਊਟੀ ਮੈਂ ਤੇਰੇ ਕਰਕੇ ਲਈ ਹੈ ਤਾਂ ਕਿ ਤਬਲਾ ਦਾ ਰਿਆਜ਼ ਕਰਵਾ ਕੇ ਤਿਆਰ ਕਰਕੇ ਫਿਰ ਬਾਹਰ ਨਿਕਲਣਾ ਹੈ। ਭਾਈ ਸਾਹਿਬ ਡਿਸਪਲਨ ਦੇ ਬਹੁਤ ਪਾਬੰਦ ਸਨ, ਕਦੇ ਵੀ ਮੈਨੂੰ ਸੁਸਤ ਨਹੀਂ ਸਨ ਹੋਣ ਦਿੰਦੇ। ਹਰ ਵਕਤ ਕਿਸੇ ਨਾ ਕਿਸੇ ਕੰਮ ਤੇ ਲਾਈ ਰੱਖਣਾ, ਨਾ ਆਪ ਜ਼ਿਆਦਾ ਆਰਾਮ ਕਰਨਾ ਤੇ ਨਾ ਹੀ ਮੈਨੂੰ ਕਰਨ ਦੇਂਦੇ ਸਨ। ਸਵੇਰੇ 4 ਵਜੇ ਮੈਂ ਉਠਦਾ ਸਾਂ ਤੇ ਰਾਤ 11 ਵਜੇ ਤੋਂ ਪਹਿਲਾਂ ਭਾਈ ਸਾਹਿਬ ਸੌਣ ਨਹੀਂ ਸੀ ਦਿੰਦੇ ਅਤੇ ਕਮਰੇ ਵਿਚ ਝਾੜੂ ਮਾਰਨ ਤੋਂ ਲੈ ਕੇ, ਕੱਪੜੇ ਧੋਣੇ, ਭਾਂਡੇ ਮਾਂਜਣੇ, ਸਬਜ਼ੀ ਰੋਟੀ ਬਣਾਉਣੀ ਤੇ ਭਾਈ ਸਾਹਿਬ ਦੀ ਮਾਲਿਸ਼ ਕਰਨੀ ਇਹ ਰੋਜ਼ ਮਰਾ ਦੀ ਮੇਰੀ ਡਿਊਟੀ ਸੀ ਤੇ ਫਿਰ ਗੁਰਬਾਣੀ ਦੇ ਸ਼ਬਦ ਵੀ ਯਾਦ ਕਰਨੇ ਤੇ ਭਾਈ ਸਾਹਿਬ ਨੂੰ ਵੀ ਸ਼ਬਦ ਯਾਦ ਕਰਵਾਉਣੇ, ਅਤੇ ਫਿਰ ਭਾਈ ਸਾਹਿਬ ਨੇ ਆਪ ਨਾਲ ਵਾਜਾ ਲੈ ਕੇ,ਬੈਠਣਾ ਤੇ ਮੈਨੂੰ ਤਬਲੇ ਦਾ ਰਿਆਜ਼, ਨਾਲ ਨਗਮਾ ਵਜਾ ਕੇ ਕਰਵਾਉਣਾ। ਹਾਲਾਂ ਭਾਈ ਸਾਹਿਬ ਆਪ ਤਬਲਾ ਵਜਾਉਣਾ ਨਹੀਂ ਸਨ ਜਾਣਦੇ ਪਰ ਸਭ ਤਾਲ, ਗਤਾਂ, ਠੇਕੇ, ਉਨ੍ਹਾਂ ਨੂੰ ਜ਼ੁਬਾਨੀ ਮਾਤ੍ਰਾਂ ਤੇ ਤਾਲੀ ਅਨੁਸਾਰ ਸਭ ਯਾਦ ਸਨ, ਜੋ ਕਿ ਮੈਨੂੰ ਰਿਆਜ਼ ਕਰਵਾਉਂਦੇ ਸਨ। ਤੀਨ ਤਾਲ, ਛੋਟਾ ਤੀਨ ਤਾਲ, ਧਮਾਰ, ਇਕਤਾਲ, ਪੰਜ ਤਾਲ, ਝਪ, ਸੂਲਫਕ, ਤਾਲ 13 ਮਾਤਰਾਂ, ਫਰੋਦਸਤ 14 ਮਾਤਰਾ, ਢਾਈ ਤਾਲ, ਰੂਪਕ, ਕਹਿਰਵਾ, ਸਭ ਤਾਲਾਂ ਦਾ ਰਿਆਜ਼ ਕਰਵਾਇਆ। ਸੋ ਇਸ ਤਰ੍ਹਾਂ ਤਕਰੀਬਨ ਛੇ ਸੱਤ ਮਹੀਨੇ ਅਸੀਂ ਸ੍ਰੀ ਗੰਗਾਂ ਨਗਰ ਵਿਖੇ ਡਿਊਟੀ ਕੀਤੀ ਤੇ ਜਦੋਂ ਸਮਝ ਲਿਆ ਕਿ ਮੈਂ ਹੁਣ ਕੀਰਤਨ ਕਰਵਾਉਣ ਲਈ ਯੋਗ ਹੋ ਗਿਆ ਹਾਂ ਫਿਰ ਉਥੋਂ ਡਿਊਟੀ ਛੱਡ ਦਿੱਤੀ। ਫਿਰ 1957 ਵਿਚ ਗੁਰੂ ਨਾਨਕ ਸਾਹਿਬ ਜੀ ਦਾ ਅਵਤਾਰ ਪੁਰਬ ਅਸੀਂ ਗੁਰਦੁਆਰਾ ਸਿੰਘ ਸਭਾ ਸ਼ਿਮਲਾ ਕੀਤਾ, ਸ੍ਰੀ ਗੰਗਾ ਨਗਰ ਤੋਂ ਆਉਣ ਤੋਂ ਬਾਅਦ ਭਾਈ ਸਾਹਿਬ ਦੇ ਛੋਟੇ ਭਰਾ ਭਾਈ ਅਮਰ ਸਿੰਘ ਨੇ ਇਹਨਾਂ ਦਾ ਸਾਥ ਛੱਡ ਦਿੱਤਾ, ਤਾਂ ਭਾਈ ਸਾਹਿਬ ਨਾਲ ਭਾਈ ਅਮਰ ਸਿੰਘ ਯੋਗੀ, ਜੋ ਕਿ ਪਿੰਡ ਭੂਰੀ ਮਾਜਰਾ (ਸ਼ੰਭੂ) ਦੇ ਰਹਿਣ ਵਾਲੇ ਸਨ, ਵਾਜੇ ਤੇ ਆ ਗਏ। ਫਿਰ 1958 ਦਾ ਦਸਮ ਪਾਤਸ਼ਾਹ ਦਾ ਗੁਰਪੁਰਬ ਅਸੀਂ ਜਬਲਪੁਰ ਮੱਧਿਆ ਪ੍ਰਦੇਸ਼ ਗੁਰਦੁਆਰਾ ਸਦਰ ਬਜ਼ਾਰ ਵਿਖੇ ਕੀਤਾ, ਤੇ ਫਿਰ ਜਬਲ ਪੁਰ ਤੋਂ ਅੱਗੇ ਅਸੀਂ ਟੂਰ ਸ਼ੁਰੂ ਕੀਤਾ, ਜੋ ਕਿ ਜਬਲਪੁਰ ਤੋਂ ਗੋਂਦੀਆਂ ਹੁੰਦੇ ਹੋਏ ਰਾਜਨੰਦ ਗਾਉਂ, ਰਾਏਪੁਰ, ਧਮਤਰੀ, ਮਹਾਂ ਸਮੁੰਦ, ਬਾਘ ਬਹਾਰਾ, ਖਰਿਆਰ ਰੋਡ ਉਡੀਸਾ ਫਿਰ ਵਾਪਸੀ ਨਾਗਪੁਰ, ਨਾਗਪੁਰ ਤੋਂ ਚਾਂਦਾ, ਸਿਕੰਦਰਾ ਬਾਦ, ਹੈਦਰਾਬਾਦ ਤੇ ਬੰਗਲੌਰ। ਬੰਗਲੌਰ ਤੋਂ ਸਿੱਧਾ ਪੂਨਾ ਪਹੁੰਚੇ ਤੇ 1958 ਦੀ ਚੇਤਰ ਦੀ ਸੰਗਰਾਂਦ ਨੂੰ ਅਸੀਂ ਪੂਨੇ ਸਿੰਘ ਸਭਾ ਕੀਤੀ। ਪੂਨੇ ਸਿੰਘ ਸਭਾ ਸਾਡੀ ਵਿਸਾਖੀ ਬੁਕ ਹੋ ਗਈ, ਤੇ ਫਿਰ ਅਸੀਂ ਬੰਬਈ ਗੁਰਦੁਆਰਾ ਦਾਦਰ ਸਿੰਘ ਸਭਾ ਆ ਗਏ, ਤੇ ਇਥੇ ਬੰਬਈ ਵਿਖੇ ਦੋ ਤਿੰਨ ਗੁਰਦੁਆਰਿਆਂ ਵਿਚ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਬੁਕ ਹੋ ਗਿਆ। ਸੋ ਫਿਰ ਦੁਬਾਰਾ ਪੂਨੇ ਜਾ ਕੇ ਅਸੀਂ ਵਿਸਾਖੀ ਕੀਤੀ ਅਤੇ ਵਿਸਾਖੀ ਕਰਕੇ ਅਸੀਂ ਫਿਰ ਬੰਬਈ ਆ ਗਏ। ਸੰਨ 1958 ਦੀ ਵਿਸਾਖੀ ਅਸੀਂ ਪੂਨੇ ਵਿਖੇ ਕੀਤੀ ਸੀ।

ਜਦੋਂ ਅਸੀਂ ਬੰਗਲੌਰ ਤੋਂ ਪੂਨੇ ਆ ਕੇ ਤਕਰੀਬਨ 15 ਦਿਨ ਰਹੇ ਸੀ, ਉਹਨੀ ਦਿਨੀਂ ਦਾਸ ਨੇ ਆਪਣੇ ਮਨ ਨਾਲ ਫੈਸਲਾ ਕੀਤਾ ਕਿ ਹੁਣ ਮੈਨੂੰ ਵਾਜੇ ਤੇ ਗਾਉਣ ਦੀ ਸਿੱਖਿਆ ਲੈਣੀ ਚਾਹੀਦੀ ਹੈ। ਤੇ ਉਥੇ ਪੂਨੇ ਵਿਖੇ ਹੀ ਮੈਂ ਦਸਤਾਰ ਅਤੇ ਭੇਟਾ ਰੱਖ ਕੇ ਭਾਈ ਸਾਹਿਬ ਨੂੰ ਬੇਨਤੀ ਕੀਤੀ ਕਿ ਕਿਰਪਾ ਕਰਕੇ ਮੈਨੂੰ ਵਾਜੇ ਤੇ ਗਾਇਕੀ ਦੀ ਸਿੱਖਿਆ ਦਿਓ। ਸੋ ਫਿਰ ਭਾਈ ਸਾਹਿਬ ਜੀ ਨੇ ਵਿਧੀਵਤ ਤਰੀਕੇ ਨਾਲ ਮੈਨੂੰ ਆਪਣਾ ਸ਼ਿਸ਼ ਬਣਾ ਕੇ ਗਾਇਕੀ ਦੇ ਖੇਤਰ ਵਿਚ ਸਿੱਖਿਆ ਦਿੱਤੀ ਅਤੇ ਕੀਰਤਨ ਕਰਨ ਦੀ ਜਾਚ ਦੱਸੀ। ਸੋ ਅਸੀਂ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਬੰਬਈ ਵਿਖੇ ਕਰਕੇ ਵਾਪਸ ਪਟਿਆਲੇ ਆਪਣੇ ਘਰ ਆ ਗਏ। ਤੇ ਮੈਂ ਫਿਰ ਰਾਜਪੁਰੇ ਆਪਣੇ ਘਰ ਆ ਗਿਆ।

ਸੰਨ 1958 ਵਿੱਚ ਮੈਂ ਭਾਈ ਮਾਨ ਸਿੰਘ ਪੰਛੀ ਜੀ ਨਾਲ ਮੁਜ਼ਫਰ ਨਗਰ ਯੂ. ਪੀ. ਵਿਖੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਿਊਟੀ ਕਰਦਾ ਰਿਹਾ ਹਾਂ ਅਤੇ ਉਸ ਤੋਂ ਬਅਦ ਭਾਈ ਮਾਨ ਸਿੰਘ ਪੰਛੀ ਜੀ ਸੰਨ 59 ਦੇ ਸ਼ੁਰੂ ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਲਾਟੂਸ ਰੋਡ ਕਾਨਪੁਰ ਵਿਖੇ ਕੀਰਤਨ ਦੀ ਡਿਊਟੀ ਵਿੱਚ ਚਲੇ ਗਏ, ਫਿਰ ਸੰਨ 59 ਅਗਸਤ ਵਿੱਚ ਉਹਨਾਂ ਨੇ ਮੈਨੂੰ ਕਾਨਪੁਰ ਬੁਲਾ ਲਿਆ ਤੇ ਪੰਛੀ ਜੀ ਨਾਲ ਮੈਂ ਸੰਨ 60 ਦਸੰਬਰ ਤੱਕ ਕਾਨਪੁਰ ਵਿਖੇ ਵਾਜੇ ਤੇ ਹੀ ਡਿਊਟੀ ਕੀਤੀ, ਤੇ ਜਨਵਰੀ 61 ਵਿੱਚ ਮੈਂ ਵਾਪਸ ਰਾਜਪੁਰੇ ਆ ਗਿਆ। ਫਰਵਰੀ 61 ਵਿੱਚ ਭਾਈ ਕ੍ਰਿਪਾਲ ਸਿੰਘ ਜੀ ਮੈਨੂੰ ਫਿਰ ਆਪਣੇ ਨਾਲ ਵਾਜੇ ਤੇ ਲਾਉਣ ਲਈ ਰਾਜਪੁਰੇ ਤੋਂ ਲੈ

ਗਏ। ਹੁਣ ਭਾਈ ਕ੍ਰਿਪਾਲ ਸਿੰਘ ਜੀ ਨੇ ਦੁਬਾਰਾ ਆਪਣਾ ਜਥਾ ਕਾਇਮ ਕੀਤਾ , ਜਿਸ ਵਿੱਚ ਦਾਸ ਵਾਜੇ ਤੇ, ਅਤੇ ਭਾਈ ਨਰਿੰਦਰ ਸਿੰਘ ਜੀ ਤਬਲੇ ਤੇ ਸਨ ਅਤੇ ਭਾਈ ਸਾਹਿਬ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਤਖਤ ਸ੍ਰੀ ਕੇਸਗੜ੍ਹ ਅਨੰਦਪੁਰ ਸਾਹਿਬ ਵਿਖੇ ਆਪਣੀ ਡਿਊਟੀ ਸ਼ੁਰੂ ਕੀਤੀ। ਪੂਰਨ ਤੌਰ ਤੇ ਮੇਰੀ ਗਾਇਕੀ ਦੀ ਸਿਖਲਾਈ ਭਾਈ ਸਾਹਿਬ ਪਾਸੋਂ ਉਦੋਂ ਹੀ ਹੋਈ ਸੀ ਜਦੋਂ ਭਾਈ ਸਾਹਿਬ ਨਾਲ ਮੈਂ ਸ਼੍ਰੋ: ਕ: ਦੀ ਡਿਊਟੀ ਵਿੱਚ ਆ ਗਿਆ ਸਾਂ। ਫਿਰ ਫਤਹਿਗੜ੍ਹ ਅਤੇ ਪਟਿਆਲਾ ਸ੍ਰੀ ਦੂਖ ਨਿਵਾਰਨ ਸਾਹਿਬ ਰਹਿ ਕੇ ਹੀ ਮੈਂ ਰਾਗਦਾਰੀ ਅਤੇ ਕੀਰਤਨ ਦੀ ਪੂਰੀ ਸਿਖਲਾਈ ਉਹਨਾਂ ਤੋਂ ਲਈ। ਭਾਈ ਸਾਹਿਬ ਨੇ ਜੋ ਰਾਗ ਮੈਨੂੰ ਸਿਖਾਏ ਉਹ ਹਨ- ਭੈਰਵ, ਤਿਲੰਗ, ਆਸਾਵਰੀ, ਬਿਲਾਵਲ, ਭੈਰਵੀ, ਭੂਪਾਲੀ, ਕਲਿਆਣ, ਮਾਲਕੌਂਸ, ਸੋਰਠ, ਪੀਲੂ, ਸ਼ਿਵਰੰਜਨੀ ਤੇ ਮਾਲ ਗੁੰਜੀ। ਇਸ ਤਰਾਂ ਉਹਨਾਂ ਦੇ ਰਹਿੰਦਿਆਂ ਤੇ ਉਹਨਾਂ ਤੋਂ ਸਿੱਖਿਆ ਲੈਂਦਿਆਂ ਜੋ ਮੈਨੂੰ ਉਹਨਾਂ ਦੇ ਜੀਵਨ ਬਾਰੇ ਜਾਣਕਾਰੀ ਪ੍ਰਾਪਤ ਹੋਈ ਉਹ ਇਸ ਤਰਾਂ ਪ੍ਰਕਾਰ ਹੈ—

ਭਾਈ ਕ੍ਰਿਪਾਲ ਸਿੰਘ ਜੀ ਦਾ ਜਨਮ ਚੱਕ ਨੰਬਰ 296, ਪਿੰਡ ਜੱਫਾ ਪੁਰ ਨੇੜੇ ਗੋਜਰਾ ਮੰਡੀ ਜਿਲ੍ਹਾ ਲਾਇਲਪੁਰ (ਅਜਕਲ ਫੈਸਲਾਬਾਦ) ਵਿਖੇ ਪਿਤਾ ਸਰਦਾਰ ਪੰਜਾਬ ਸਿੰਘ ਅਤੇ ਮਾਤਾ ਆਸ ਕੌਰ ਦੇ ਘਰ ਹੋਇਆ। ਜਨਮ ਤਾਰੀਖ ਦਾ ਮੈਨੂੰ ਪਤਾ ਨਹੀਂ ਲੱਗਾ। ਸਰਦਾਰ ਪੰਜਾਬ ਸਿੰਘ ਜੀ ਦੇ ਪੰਜ ਪੁੱਤਰ ਸਨ। ਸਭ ਤੋਂ ਵੱਡੇ ਸਨ ਭਾਈ ਪਿਆਰਾ ਸਿੰਘ ਜੀ ਰਾਗੀ ਜੋ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮਸ਼ਹੂਰ ਅਤੇ ਫ਼ਸਟ ਕਲਾਸ ਦੇ ਕੀਰਤਨੀਏ ਸਨ, ਦੂਜੇ ਸਨ ਸ੍ਰ: ਕਰਤਾਰ ਸਿੰਘ ਜੋ ਕਿ ਰਾਜਗਿਰੀ ਦਾ ਕੰਮ ਕਰਦੇ ਸਨ, ਤੀਜੇ ਨੰਬਰ ਤੇ ਸ੍ਰ: ਇੰਦਰ ਸਿੰਘ ਜੀ ਜੋ ਇੰਜੀਨੀਅਰ ਸਨ, ਚੌਥੇ ਨੰਬਰ ਤੇ ਭਾਈ ਕ੍ਰਿਪਾਲ ਸਿੰਘ ਜੀ ਤੇ ਪੰਜਵੇਂ ਸਨ ਸਭ ਤੋਂ ਛੋਟੇ ਭਾਈ ਅਮਰ ਸਿੰਘ ਜੀ। ਸੋ ਪੰਜਾਂ ਵਿੱਚੋਂ ਤਿੰਨ ਭਰਾ ਕੀਰਤਨ ਲਾਈਨ ਵਿੱਚ ਸਨ, ਭਾਈ ਪਿਆਰਾ ਸਿੰਘ, ਭਾਈ ਕ੍ਰਿਪਾਲ ਸਿੰਘ ਅਤੇ ਭਾਈ ਅਮਰ ਸਿੰਘ ਜੀ। ਭਾਵੇਂ ਭਾਈ ਸਾਹਿਬ ਰਿਸ਼ਤੇ ਵਿੱਚੋਂ ਮੇਰੇ ਭਰਾ ਹੀ ਲਗਦੇ ਸਨ ਤੇ ਮਾਮਾ ਜੀ ਵੀ ਲਗਦੇ ਸਨ ਪਰ ਦਾਸ ਨੇ ਭਾਈ ਸਾਹਿਬ ਕੋਲ ਸ਼ਾਗਿਰਦੀ ਕੀਤੀ ਸੀ ਇਸ ਲਈ ਮੈਂ ਸਦਾ ਉਹਨਾਂ ਨੂੰ ਉਸਤਾਦ ਗੁਰੂ ਵਾਲਾ ਦਰਜਾ ਦੇ ਕੇ ਹੀ ਸਨਮਾਨਿਆ ਹੈ, ਭਰਾ ਜਾਂ ਭਣੇਵਾਂ ਬਨਣ ਦੀ ਕਦੇ ਕੋਸ਼ਿਸ਼ ਨਹੀਂ ਕੀਤੀ ਪਰ ਉਹਨਾਂ ਦੀ ਸੁਪਤਨੀ ਸੁਰਜੀਤ ਕੌਰ ਜੀ ਨੂੰ ਮੈਂ ਜਰੂਰ ਮਾਮੀ ਜੀ ਕਹਿ ਕੇ ਬੁਲਾਂਦਾ ਸੀ ਉਹ ਵੀ ਇਸ ਲਈ ਕਿ ਮੇਰੀ ਮਾਂ ਦੀ ਗੱਲ ਦਾ ਅਤੇ ਉਹਨਾਂ ਦੇ ਹੁਕਮ ਦਾ ਸਤਿਕਾਰ ਬਣਿਆ ਰਹੇ। ਪਰ ਭਾਈ ਸਾਹਿਬ ਜੀ ਨੂੰ ਮੈਂ ਹਮੇਸ਼ਾਂ ਉਸਤਾਦ ਜੀ ਜਾਂ ਗਿਆਨੀ ਜੀ ਕਹਿ ਕੇ ਹੀ ਬੁਲਾਂਦਾ ਹੁੰਦਾ ਸੀ।

ਭਾਈ ਕਿਰਪਾਲ ਸਿੰਘ ਜੀ ਨੇ ਸਭ ਤੋਂ ਪਹਿਲੀ ਸਿੱਖਿਆ ਕੀਰਤਨ ਦੀ ਆਪਣੇ ਵੱਡੇ ਭਰਾ ਭਾਈ ਪਿਆਰਾ ਸਿੰਘ ਪਾਸੋਂ ਹੀ ਲਈ ਸੀ, ਭਾਈ ਪਿਆਰਾ ਸਿੰਘ ਜੀ ਨੇ ਨਾਲ ਦੇ ਵਾਜੇ ਤੇ ਸਾਥੀ ਬਨਾਉਣ ਲਈ ਵਾਜੇ ਦੀ ਸਿੱਖਿਆ ਦੇ ਕੇ ਆਪਣੇ ਨਾਲ ਵਾਜੇ ਤੇ ਸਹਾਇਕ ਰਾਗੀ ਬਣਾ ਲਿਆ, ਭਾਈ ਪਿਆਰਾ ਸਿੰਘ ਜੀ, ਉਦੋਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਡਿਊਟੀ ਕਰਦੇ ਸਨ, ਭਾਈ ਪਿਆਰਾ ਸਿੰਘ ਜੀ ਨਾਲ, ਤਬਲੇ ਤੇ ਭਾਈ ਗੁਰਮੁਖ ਸਿੰਘ ਜੋ ਕਿ ਭਾਈ ਸਾਹਿਬ ਦੇ ਹੀ ਪਿੰਡ ਜਫਾ ਪੁਰ ਦੇ ਹੀ ਜੰਮਪਲ ਸਨ, ਤੇ ਵਾਜੇ ਤੇ ਭਾਈ ਕਿਰਪਾਲ ਸਿੰਘ ਜੀ ਸਨ, ਸੋ ਉਹਨੀਂ ਦਿਨੀਂ ਹੀ ਭਾਈ ਕਿਰਪਾਲ ਸਿੰਘ ਜੀ ਨੂੰ ਉਸਤਾਦ ਬਾਬਾ ਹਰਨਾਮ ਸਿੰਘ ਜੀ ਪਟਿਆਲਾ (ਦਿਲਰੁਬਾ-ਤਾਊਸ ਵਾਦਕ) ਦਾ ਪਤਾ ਲੱਗਾ, ਜੋ ਕਿ ਪਟਿਆਲਾ ਦਰਬਾਰ ਦੇ ਦਰਬਾਰੀ ਸੰਗੀਤਕਾਰ ਮਹੰਤ ਗੱਜਾ ਸਿੰਘ ਜੀ ਦੇ ਸ਼ਾਗਿਰਦ ਸਨ, ਤਾਂ ਭਾਈ ਕਿਰਪਾਲ ਸਿੰਘ ਜੀ ਨੇ ਉਨ੍ਹਾਂ ਤੋਂ ਸੰਗੀਤ ਸਿੱਖਿਆ ਲੈਣ ਦਾ ਮਨ ਬਣਾਇਆ। ਤਾਂ ਆਪ ਜੀ ਬਾਬਾ ਹਰਨਾਮ ਸਿੰਘ ਦਾ ਘਰ ਪੁੱਛਦੇ ਪੁਛਾਉਂਦੇ, ਜੋ ਕਿ (ਮਹਿੰਦਰ ਕਾਲਜ ਦੇ ਪਾਸ, ਸੁਨਾਮੀਆ ਗੇਟ ਦੇ ਸੱਜੇ ਹੱਥ ਗਲੀ ਵਿਚ ਸੜਕ ਤੋਂ ਕੋਈ 100 ਗਜ਼ ਦੀ ਦੂਰੀ 'ਤੇ ) ਪਹੁੰਚ ਗਏ, ਤੇ ਜਾ ਕੇ ਬੇਨਤੀ ਕੀਤੀ ਕਿ ਦਾਸ ਆਪ ਜੀ ਤੋਂ ਸੰਗੀਤ ਦੀ ਸਿੱਖਿਆ ਅਤੇ ਦਿਲਰੁਬਾ ਸਿੱਖਣ ਲਈ ਹਾਜ਼ਰ ਹੋਇਆ ਹੈ, ਪਰ ਬਾਬਾ ਜੀ ਨੇ ਸਿਖਾਉਣ ਤੋਂ ਨਾਂਹ ਕਰ ਦਿੱਤੀ। ਕਹਿਣ ਲੱਗੇ ਕਾਕਾ ਏਹ ਅਲੂਣੀ ਸਿੱਲ ਹੈ ਜੋ ਸਾਰੇ ਨਹੀਂ ਚੱਟ ਸਕਦੇ। ਛੱਡ ਕੇ ਭੱਜ ਜਾਂਦੇ ਹਨ। ਇਸ ਲਈ ਤੂੰ ਜਾਹ ਜਿੰਨਾ ਕੁ ਤੂੰ ਸਿੱਖਿਆ ਹੋਇਆਂ ਹੈਂ ਠੀਕ ਹੈ। ਰੋਟੀ ਕਮਾ ਰਿਹਾ ਹੈ, ਠੀਕ ਹੈ ਐਵੇਂ ਵਖ਼ਤ ਵਿਚ ਨਾ ਪੈ, ਤੇਰੇ ਵਰਗੇ ਕਈ ਆਉਂਦੇ ਹਨ, ਸ਼ੁਰੂ ਕਰਕੇ ਭੱਜ ਜਾਂਦੇ ਹਨ, ਮੁੜ ਕੇ ਉਹਨਾਂ ਦੇ ਦਰਸ਼ਨ ਨਹੀਂ ਹੁੰਦੇ। ਭਾਈ ਕਿਰਪਾਲ ਸਿੰਘ ਜੀ ਨੇ ਜੋ ਸਾਨੂੰ ਜਾਣਕਾਰੀ ਦਿੱਤੀ, ਉਸੇ

ਅਨੁਸਾਰ ਹੀ ਦਾਸ ਲਿਖ ਰਿਹਾ ਹੈ। ਭਾਈ ਸਾਹਿਬ ਨੇ ਦੱਸਿਆ ਕਿ ਮੈਂ ਘੱਟੋ ਘੱਟ 15 ਦਿਨ ਰੋਜ਼ ਉਨ੍ਹਾਂ ਦੇ ਪਾਸ ਜਾਂਦਾ ਰਿਹਾ ਤਾਂ ਜਾ ਕੇ ਕਿਤੇ ਉਹਨਾਂ ਦੇ ਮਨ ਵਿਚ ਤਰਸ ਆਇਆ, ਉਹਨਾਂ ਮੈਨੂੰ ਹਾਂ ਕਰ ਦਿੱਤੀ। ਫਿਰ ਮੈਂ ਉਹਨਾਂ ਦੇ ਦੱਸੇ ਅਨੁਸਾਰ ਜਿਵੇਂ ਜਿਵੇਂ ਉਹਨਾਂ ਦੇ ਦੱਸੇ ਅਨੁਸਾਰ ਜਿਵੇਂ ਜਿਵੇਂ ਮੈਨੂੰ ਦੱਸਿਆ ਤੇ ਉਹ ਮੈਂ ਚੀਜ਼ਾਂ ਲੈ ਕੇ ਗਿਆ, ਫਿਰ ਵਿਧੀਵਤ ਤਰੀਕੇ ਨਾਲ ਉਹਨਾਂ ਮੈਨੂੰ ਆਪਣਾ ਸ਼ਾਗਿਰਦ ਬਣਾਇਆ ਤੇ ਮੈਂ ਉਹਨਾਂ ਦੀ ਸ਼ਾਗਿਰਦੀ ਹਾਸਲ ਕੀਤੀ। ਮੈਂ ਰੋਜ਼ ਆਪਣੇ ਘਰ ਤੋਂ ਦਿਲਰੁਬਾ ਚੁੱਕ ਕੇ ਪੈਦਲ ਹੀ ਉਨ੍ਹਾਂ ਦੇ ਘਰ ਸਿੱਖਣ ਲਈ ਜਾਂਦਾ ਸੀ, ਕਿਉਂਕਿ ਇਹ ਮੈਨੂੰ ਉਸਤਾਦ ਜੀ ਦਾ ਆਦੇਸ਼ ਸੀ, ਕਿ ਗੁਰੂ ਅਤੇ ਉਸਤਾਦ ਤੋਂ ਕੁਝ ਲੈਣ ਲਈ ਪੈਦਲ ਹੀ ਚੱਲ ਕੇ ਜਾਣਾ ਚਾਹੀਦਾ ਹੈ, ਤਾਂ ਹੀ ਗੁਣ ਦੀ ਕਦਰ ਪੈਂਦੀ ਹੈ। ਸੋ ਇਸ ਤਰ੍ਹਾਂ ਤਕਰੀਬਨ ਪੰਜ ਛੇ ਸਾਲ ਮੈਂ ਉਹਨਾਂ ਤੋਂ ਸੰਗੀਤ ਦੀ ਸਿੱਖਿਆ ਲਈ, ਅਤੇ ਉਸਤਾਦ ਜੀ ਪਾਸੋਂ ਇਹ ਪੰਜ ਛੇ ਸਾਲਾਂ ਵਿਚ ਦਿਲਰੁਬਾ ਸਾਜ਼ ਤੇ ਪੰਦਰਾਂ ਸੋਲ੍ਹਾਂ ਰਾਗ ਅਤੇ ਸ਼ਾਨ ਅਤੇ ਲਹਿਰੇ ਅਤੇ ਵੱਖੋ ਵੱਖ ਰਾਗਾਂ ਦੀਆਂ ਬੰਦਿਸ਼ਾਂ ਸਿੱਖੀਆਂ, ਰਾਗ ਭੈਰਵ, ਤਿਲੰਗ, ਸਾਰੰਗ, ਤਿਲਕ ਕਾਮੋਦ, ਆਸਾਵਰੀ, ਆਸਾ, ਬਿਲਾਵਲ, ਭੈਰਵੀ, ਭੂਪਾਲੀ, ਕਲਿਆਨ, ਯਮਨ, ਮਾਲਕੌਂਸ, ਸੋਰਠ, ਪੀਲੂ, ਖ਼ਿਮਾਚ, ਸਿੰਧੜਾ, ਮਾਲ ਗੂੰਜੀ, ਲਲਿਤ, ਦਰਬਾਰੀ, ਸ੍ਰੀ, ਗੂਜਰੀ, ਵਡਹੰਸ, ਧਨਾਸਰੀ, ਟੋਡੀ, ਸੂਹੀ, ਰਾਮਕਲੀ, ਤੁਖਾਰੀ, ਮਾਰੂ, ਕੇਦਾਰਾ, ਬਸੰਤ, ਮਲ੍ਹਾਰ, ਮੇਘ, ਕਾਨੜਾ, ਜੈਜੈਵੰਤੀ, ਪ੍ਰਭਾਤੀ ਇਹ ਸਭ ਰਾਗ ਸਿੱਖੇ। ਇਕ ਇਕ ਮੁਖੜੇ ਅਤੇ ਪ੍ਰਕਾਰ ਤੇ ਅਸਥਾਈ ਅਤੇ ਅੰਤਰੇ ਤੇ ਮੈਨੂੰ ਕਈ ਕਈ ਦਿਨ ਤੇ ਮਹੀਨੇ ਲੱਗ ਜਾਂਦੇ, ਤਾਂ ਮਸੀਂ ਪੂਰਾ ਕੀਤਾ ਜਾਂਦਾ ਸੀ, ਅਤੇ ਸਿੱਖਾਉਣ ਵੇਲੇ ਉਸਤਾਦ ਜੀ ਆਪ ਨਾਲ ਆਪਣਾ ਦਿਲਰੁਬਾ ਜਾਂ ਤਾਊਸ ਲੈ ਕੇ ਬੈਠਦੇ ਤੇ ਵਜਾ ਕੇ ਦੱਸਦੇ ਸਨ ਤੇ ਨਾਲ ਨਾਲ ਹਾਲ ਦੀ ਤਾਲੀ ਦੀ ਵੀ ਸੰਗਤ ਕਰਦੇ ਸਨ ਤੇ ਸਮਝਾਉਂਦੇ ਸਨ।

ਸੋ ਇਸ ਤਰ੍ਹਾਂ ਭਾਈ ਕਿਰਪਾਲ ਸਿੰਘ ਜੀ ਨੇ ਭਾਈ ਪਿਆਰਾ ਸਿੰਘ ਨਾਲ ਕੀਰਤਨ ਦਾ ਸਾਥ ਵੀ ਦੇਣਾ ਤੇ ਨਾਲ ਨਾਲ ਉਸਤਾਦ ਜੀ ਪਾਸੋਂ ਸਿੱਖਣ ਵੀ ਜਾਣਾ। ਸਿੱਖਿਆ ਪੂਰੀ ਕਰਕੇ ਫਿਰ ਭਾਈ ਪਿਆਰਾ ਸਿੰਘ ਜੀ ਨਾਲ ਆਪ ਦਿਲਰੁਬਾ ਤੇ ਸੰਗਤ ਕਰਨ ਲੱਗ ਪਏ। ਸੋ ਭਾਈ ਪਿਆਰਾ ਸਿੰਘ ਜੀ ਨੇ ਫਿਰ ਚਾਰ ਮੈਂਬਰਾਂ ਦਾ ਜਥਾ ਕਾਇਮ ਕਰ ਲਿਆ। ਸਭ ਤੋਂ ਛੋਟੇ ਭਰਾ ਭਾਈ ਅਮਰ ਸਿੰਘ ਜੀ ਨੂੰ ਨਾਲ ਵਾਜੇ ਤੇ ਲਾ ਲਿਆ ਤੇ ਭਾਈ ਕਿਰਪਾਲ ਸਿੰਘ ਜੀ ਦਿਲਰੁਬਾ ਤੇ ਅਤੇ ਭਾਈ ਗੁਰਮੁਖ ਸਿੰਘ ਜੀ ਤਬਲੇ ਤੇ ਸਨ। ਸੋ ਇਸ ਤਰ੍ਹਾਂ ਇਹ ਜਥਾ ਕਾਫ਼ੀ ਸਮਾਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਕੀਰਤਨ ਦੀ ਡਿਊਟੀ ਕਰਦਾ ਰਿਹਾ। ਉਹਨੀ ਦਿਨੀਂ ਗਿਆਨੀ ਮਹਿੰਦਰ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਹੁੰਦੇ ਸਨ। ਉਹ ਭਾਈ ਪਿਆਰਾ ਸਿੰਘ ਜੀ ਦੇ ਜਥੇ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਲਿਜਾਣਾ ਚਾਹੁੰਦੇ ਸਨ ਤਾਂ ਕਿਰਪਾਲ ਸਿੰਘ ਤੇ ਅਮਰ ਸਿੰਘ ਤੇ ਭਾਈ ਗੁਰਮੁਖ ਸਿੰਘ ਨੇ ਤਿੰਨਾਂ ਨੇ ਹੀ ਅੰਮ੍ਰਿਤਸਰ ਜਾਣ ਤੋਂ ਨਾਂਹ ਕਰ ਦਿੱਤੀ। ਤਾਂ ਭਾਈ ਪਿਆਰਾ ਸਿੰਘ ਜੀ ਤਾਂ ਸ੍ਰੀ ਦਰਬਾਰ ਸਾਹਿਬ ਚਲੇ ਗਏ ਤੇ ਉਨ੍ਹਾਂ ਨੇ ਆਪਣੇ ਸਪੁੱਤਰ ਭਾਈ ਜਸਵੰਤ ਸਿੰਘ ਤੇ ਭਾਈ ਮਨਜੀਤ ਸਿੰਘ ਨੂੰ ਨਾਲ ਲਿਆ, ਆਪਣੇ ਜਥੇ 'ਚ ਸ਼ਾਮਲ ਕਰ ਲਿਆ। ਭਾਈ ਗੁਰਮੁਖ ਸਿੰਘ ਜੀ ਅੱਜ ਕਲ੍ਹ ਪਿੰਡ ਖਨੌਰੀ ਸੰਗਰੂਰ ਤੋਂ ਅੱਗੇ ਉਥੇ ਰਹਿ ਰਹੇ ਹਨ। ਉਹ ਕੀਰਤਨ ਲਾਈਨ ਛੱਡ ਗਏ। ਫਿਰ ਭਾਈ ਕਿਰਪਾਲ ਸਿੰਘ ਜੀ ਨੇ ਆਪਣੇ ਛੋਟੇ ਭਰਾ ਭਾਈ ਅਮਰ ਸਿੰਘ ਨੂੰ ਨਾਲ ਲੈ ਕੇ ਆਪਣਾ ਜਥਾ ਕਾਇਮ ਕੀਤਾ, ਤੇ ਇਨ੍ਹਾਂ ਦੇ ਪਿੰਡ ਦੇ ਹੀ ਪਿਛੋਂ ਇਕ ਭਾਈ ਜਗਤ ਸਿੰਘ ਜੀ ਹੁੰਦੇ ਸਨ। ਭਾਈ ਜਗਤ ਸਿੰਘ ਦਾ ਦੂਜਾ ਨਾਮ ਭਾਈ ਰਘਬੀਰ ਸਿੰਘ ਵੀ ਸੀ। ਸੋ ਇਹਨਾਂ ਨੂੰ ਨਾਲ ਲੈ ਕੇ ਜਥਾ ਬਣਾਇਆ। ਭਾਈ ਜਗਤ ਸਿੰਘ ਜੀ ਬਹੁਤ ਗੁਣੀ ਸਨ, ਅਤੇ ਆਲ ਰਾਉਂਡਰ ਸਨ। ਆਪ ਹੈੱਡ ਰਾਗੀ ਵੀ ਸਨ, ਅਤੇ ਤਬਲਾ ਵੀ ਵਜਾ ਲੈਂਦੇ ਸਨ, ਅਤੇ ਦਿਲ ਰੁਬਾ ਵੀ ਵਜਾ ਲੈਂਦੇ ਸਨ ਅਤੇ ਪ੍ਰਚਾਰਕ ਤੇ ਕਥਾ ਵਾਚਕ ਵੀ ਸਨ। ਸੋ ਇਨ੍ਹਾਂ ਨੂੰ ਨਾਲ ਲੈ ਕੇ ਭਾਈ ਸਾਹਿਬ ਜੀ ਨੇ ਕੁਝ ਚਿਰ ਭਾਰਤ ਦੇ ਵੱਖੋ ਵੱਖੋ ਸ਼ਹਿਰਾਂ ਦਾ ਟੂਰ ਕੀਤਾ। ਇਸ ਟੂਰ ਵਿਚ ਭਾਈ ਜਗਤ ਸਿੰਘ ਜੀ ਨੇ ਗੁਰਦੁਆਰਾ ਸਿੰਘ ਸਭਾ ਰਾਏ ਪੁਰ ਮੱਧ ਪ੍ਰਦੇਸ਼ ਵਿਖੇ ਗ੍ਰੰਥੀ ਰਾਗੀ ਦੀ ਡਿਊਟੀ ਕਰ ਲਈ, ਅਤੇ ਭਾਈ ਕਿਰਪਾਲ ਸਿੰਘ ਵਾਪਸ ਪਟਿਆਲੇ ਆ ਗਏ।

ਤੇ ਜਦੋਂ ਫਿਰ ਭਾਈ ਕਿਰਪਾਲ ਸਿੰਘ ਜੀ ਨੇ ਦੁਬਾਰਾ ਜਥਾ ਕਾਇਮ ਕਰਨਾ ਸੀ ਤਾਂ ਇਨ੍ਹਾਂ ਨੇ ਤਬਲੇ ਵਾਲੇ ਦੀ ਲੋੜ ਪਈ ਤਾਂ ਇਹ ਰਾਜਪੁਰੇ ਕਿਸੇ ਤਬਲੇ ਵਾਲੇ ਦਾ ਪਤਾ ਲੱਗਾ ਤੇ ਉਹਦਾ ਪਤਾ ਲੈ ਕੇ ਉਸ ਨੂੰ ਲੱਭਣ ਆ ਗਏ ਤੇ ਰਾਜਪੁਰੇ ਮੇਰੇ ਪਿਤਾ ਜੀ ਨਾਲ ਮੇਲ ਹੋ ਗਿਆ।

ਤਾਂ ਪਿਤਾ ਜੀ ਨੇ ਮੇਰੇ ਬਾਰੇ ਭਾਈ ਸਾਹਿਬ ਨੂੰ ਦੱਸ ਦਿੱਤਾ। ਤਾਂ ਭਾਈ ਸਾਹਿਬ ਦੋਵੇਂ ਭਰਾ ਮੈਨੂੰ ਲੈਣ ਲਈ ਅੰਬਾਲਾ ਸ਼ਹਿਰ ਪਹੁੰਚ ਗਏ।

ਭਾਈ ਕਿਰਪਾਲ ਸਿੰਘ ਜੀ ਦੇ ਪੰਜ ਸੰਤਾਨਾਂ ਸਨ, ਤਿੰਨ ਲੜਕੇ ਅਤੇ ਦੋ ਲੜਕੀਆਂ। ਸਭ ਤੋਂ ਵੱਡਾ ਲੜਕਾ ਪੁਲਿਸ ਵਿਚ ਹੈ ਜੋ ਪਟਿਆਲੇ ਹੀ ਹੈ ਅਤੇ ਉਨ੍ਹਾਂ ਤੋਂ ਛੋਟੇ ਦੋ ਲੜਕੇ ਬਲਜੀਤ ਸਿੰਘ ਅਤੇ ਪ੍ਰਮਜੀਤ ਸਿੰਘ ਵੀ ਸੁਰੀਲੇ ਕੀਰਤਨੀਏ ਹਨ। ਬੱਚੀਆਂ ਵੀ ਭਾਈ ਸਾਹਿਬ ਜੀ ਨੇ ਵਿਆਹ ਛੱਡੀਆਂ ਹਨ। ਵਿਚਕਾਰਲੇ ਲੜਕੇ ਬਲਜੀਤ ਸਿੰਘ ਨੇ ਸ਼ਾਦੀ ਹੀ ਨਹੀਂ ਕਰਵਾਈ ਤੇ ਉਹ ਭਾਈ ਸਾਹਿਬ ਤੋਂ ਪਹਿਲਾਂ ਹੀ ਚੜ੍ਹਾਈ ਕਰ ਗਿਆ ਸੀ। ਭਾਈ ਸਾਹਿਬ ਜੀ ਦੇ ਸ਼ਾਗਿਰਦਾਂ ਵਿਚੋਂ ਦਾਸ ਤੋਂ ਇਲਾਵਾ ਭਾਈ ਰਾਜ ਸਿੰਘ, ਭਾਈ ਅਮੀਰ ਸਿੰਘ, ਭਾਈ ਨਰਿੰਦਰ ਸਿੰਘ ਜੋ ਅੱਜ ਕਲ੍ਹ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲੇ ਕੀਰਤਨ ਦੀ ਡਿਊਟੀ ਕਰ ਰਹੇ ਹਨ, ਅਤੇ ਬੀਬੀ ਸੁਖਵਿੰਦਰ ਕੌਰ ਯਮਨਾ ਨਗਰ ਦਾ ਮਸ਼ਹੂਰ ਕੀਰਤਨੀ ਜਥਾ ਹੈ। ਆਪ ਜੀ ਵਿਦੇਸ਼ਾਂ ਵਿਚ ਵੀ ਅਫਗਾਨਿਸਤਾਨ, ਈਰਾਨ ਤੇ ਅਮਰੀਕਾ ਦਾ ਟੂਰ ਕਰ ਚੁੱਕੇ ਹਨ।

ਜਦੋਂ ਮੈਂ ਭਾਈ ਸਾਹਿਬ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਤਖਤ ਸ੍ਰੀ ਕੇਸਗੜ੍ਹ ਸਾਹਿਬ, ਆਨੰਦਪੁਰ ਸਾਹਿਬ ਆ ਕੇ ਡਿਊਟੀ ਸ਼ੁਰੂ ਕੀਤੀ ਸੀ, ਉਨ੍ਹੀਂ ਦਿਨੀਂ ਗਿਆਨੀ ਮਹਿੰਦਰ ਸਿੰਘ ਜੀ ਸ਼੍ਰੋਮਣੀ ਕਮੇਟੀ ਦੇ ਸਕੱਤਰ ਹੁੰਦੇ ਸਨ। ਕਿਉਂਕਿ ਪਾਕਿਸਤਾਨ ਬਣਨ ਤੋਂ ਪਹਿਲੇ ਭਾਈ ਪਿਆਰਾ ਸਿੰਘ ਜੀ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਹਜ਼ੂਰੀ ਰਾਗੀ ਸਨ, ਤੇ ਉਥੇ ਵੀ ਗਿਆਨੀ ਮਹਿੰਦਰ ਸਿੰਘ ਜੀ ਸਕਤਰ ਸਨ ਅਤੇ ਗਿਆਨੀ ਮਹਿੰਦਰ ਸਿੰਘ ਭਾਈ ਪਿਆਰਾ ਸਿੰਘ ਦੇ ਬਹੁਤ ਸ਼ਰਧਾਲੂ ਸਨ। ਇਸੇ ਲਈ ਉਨ੍ਹਾਂ ਨੇ ਇਥੇ ਪਟਿਆਲੇ ਭਾਈ ਪਿਆਰਾ ਸਿੰਘ ਦੇ ਜਥੇ ਨੂੰ ਦੂਖ ਨਿਵਾਰਨ ਸਾਹਿਬ ਕੀਰਤਨ ਦੀ ਡਿਊਟੀ ਤੇ ਲਾ ਲਿਆ ਸੀ। ਫਿਰ ਉਹ ਭਾਈ ਪਿਆਰਾ ਸਿੰਘ ਜੀ ਨੂੰ ਅੰਮ੍ਰਿਤਸਰ ਲੈ ਗਏ। ਸੋ ਭਾਈ ਕਿਰਪਾਲ ਸਿੰਘ ਜੀ ਨੇ ਜਦੋਂ ਆਪਣਾ ਵੱਖਰਾ ਜਥਾ ਕਾਇਮ ਕਰ ਲਿਆ ਤਾਂ ਗਿਆਨੀ ਮਹਿੰਦਰ ਸਿੰਘ ਸਕੱਤਰ ਇਹ ਚਾਹੁੰਦਾ ਸੀ ਕਿ ਭਾਈ ਕਿਰਪਾਲ ਸਿੰਘ ਵੀ ਦਰਬਾਰ ਸਾਹਿਬ ਅੰਮ੍ਰਿਤਸਰ ਆ ਜਾਣ। ਉਹ ਇਹ ਵਧੀਆ ਜਥੇ ਸਮਝ ਕੇ ਇਨਾਂ ਨੂੰ ਦਰਬਾਰ ਸਾਹਿਬ ਲਿਜਾਣਾ ਚਾਹੁੰਦਾ ਸੀ। ਇਸੇ ਕਰਕੇ ਉਨ੍ਹਾਂ ਨੇ ਸਾਡੀ ਬਦਲੀ ਸ੍ਰੀ ਆਨੰਦਪੁਰ ਸਾਹਿਬ ਤੋਂ ਦਰਬਾਰ ਸਾਹਿਬ ਤਰਨ ਤਾਰਨ ਕਰ ਦਿੱਤੀ। ਬਈ ਤਰਨ ਤਾਰਨ ਤੋਂ ਅੰਮ੍ਰਿਤਸਰ ਲੈ ਜਾਵਾਂਗੇ। ਗਿਆਨੀ ਮਹਿੰਦਰ ਸਿੰਘ ਨੇ ਬੜਾ ਜ਼ੋਰ ਲਾਇਆ ਸੀ ਭਾਈ ਕਿਰਪਾਲ ਸਿੰਘ ਨੂੰ ਅੰਮ੍ਰਿਤਸਰ ਵਾਸਤੇ ਮਨਾਉਣ ਦਾ। ਪਰ ਮੈਨੂੰ ਵੀ ਇਸ ਗੱਲ ਦਾ ਪੂਰਾ ਪਤਾ ਨਹੀਂ ਲੱਗਾ ਕਿ ਕੀ ਗੱਲ ਸੀ? ਭਾਈ ਕਿਰਪਾਲ ਸਿੰਘ ਜੀ ਅੰਮ੍ਰਿਤਸਰ ਡਿਊਟੀ ਕਰਨ ਲਈ ਖੁਸ਼ ਨਹੀਂ ਸਨ। ਸੋ ਇਹ ਅੰਮ੍ਰਿਤਸਰ ਲਈ ਨਹੀਂ ਮੰਨੇ। ਕਿਉਂਕਿ ਭਾਈ ਸਾਹਿਬ ਦਾ ਘਰ ਪਰਿਵਾਰ ਪਟਿਆਲੇ ਸੀ, ਇਸ ਲਈ ਪਟਿਆਲੇ ਰਹਿ ਕੇ ਹੀ ਜ਼ਿਆਦਾ ਖੁਸ਼ ਸਨ। ਸੋ ਸਕੱਤਰ ਨੂੰ ਮਨਾ ਕੇ ਪਹਿਲੇ ਸ੍ਰੀ ਫਤਹਿਗੜ੍ਹ ਸਾਹਿਬ ਬਦਲੀ ਕਰਵਾਈ ਤੇ ਫਿਰ ਉਥੋਂ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲੇ ਬਦਲੀ ਕਰਵਾ ਲਈ ਸੀ। ਫਿਰ ਆਪ ਜੀ ਰਿਟਾਇਰ ਹੋਣ ਤਕ ਇਥੇ ਹੀ ਡਿਊਟੀ ਕਰਦੇ ਰਹੇ। ਸਿਹਤ ਪੱਖੋਂ ਆਪ ਜੀ ਸਰੀਰ ਦੇ ਪਤਲੇ ਹੀ ਸਨ। ਪਰ ਸਰੀਰ ਵਿਚ ਜਾਨ ਬੜੀ ਸੀ, ਤਾਕਤ ਬਹੁਤ ਸੀ। ਮੈਂ ਕਈ ਵਾਰ ਵੇਖਿਆ ਕਿ ਕਈ ਵਾਰ ਹਾਸੇ ਠੱਠੇ 'ਚ ਕਿਸੇ ਦੀ ਬਾਂਹ ਫੜ ਲੈਣ ਤਾਂ ਚੰਗੀ ਸਿਹਤ ਵਾਲੇ ਵੀ ਆਪ ਤੋਂ ਬਾਂਹ ਨਹੀਂ ਸੀ ਛੁਡਾ ਸਕਦੇ। ਭਾਵੇਂ ਸਰੀਰ ਪਤਲਾ ਸੀ, ਪਰ ਜਾਨ ਹੋਣ ਕਰਕੇ ਗਲੇ ਵਿਚ ਵੀ ਚੰਗੀ ਤਾਕਤ ਸੀ। ਉੱਚੀ ਤੋਂ ਉੱਚੀ ਸੁਰ ਵੀ ਆਪ ਸਹਿਜ ਸੁਭਾਅ ਹੀ ਲਾ ਜਾਂਦੇ ਸਨ। ਭਾਈ ਸਾਹਿਬ ਦਾ ਕੀਰਤਨ ਬਹੁਤ ਪ੍ਰਭਾਵਸ਼ਾਲੀ ਤੇ ਉਚੀ ਸੁਰ ਵਿਚ ਹੁੰਦਾ ਸੀ। ਆਪ ਸੁਰੀਲੇ ਤੇ ਕਲਾਸੀਕਲ ਸੰਗੀਤ ਦੇ ਮਹਾਨ ਕੀਰਤਨੀਏ ਸਨ। ਆਪ ਜੀ ਉਸ ਸਮੇਂ ਦੇ ਰਾਗੀਆਂ ਲਈ ਇਕ ਆਦਰਸ਼ ਰਾਗੀ ਸਨ। ਉਸ ਸਮੇਂ ਦੇ ਰਾਗੀ ਉਨ੍ਹਾਂ ਦੀ ਨਕਲ ਕਰਨ ਵਿਚ ਇਕ ਫ਼ਖ਼ਰ ਮਹਿਸੂਸ ਕਰਦੇ ਸਨ। ਭਾਈ ਸਾਹਿਬ ਦਾ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਟਕਸਾਲੀ ਅੰਦਾਜ਼ ਦਾ ਕੀਤਾ ਸੁਰੀਲਾ ਕੀਰਤਨ ਅਤੇ ਸ਼ਾਮ ਦੀ ਸੋਦਰ ਦੀ ਚੌਕੀ ਦਾ ਕੀਰਤਨ ਸੰਗਤਾਂ ਨੂੰ ਅੱਜ ਤਕ ਯਾਦ ਹੈ ਅਤੇ ਯਾਦ ਤੇ ਅਮਿੱਟ ਛਾਪ ਹੈ। ਉਹ ਕੀਰਤਨ ਤਾਂ ਹੁਣ ਸੁਪਨਾ ਹੀ ਬਣ ਕੇ ਰਹਿ ਗਿਆ ਹੈ। ਭਾਈ ਕਿਰਪਾਲ ਸਿੰਘ ਜੀ, ਆਮ ਰਾਗੀਆਂ ਵਾਂਗ ਰਾਗੀ ਨਹੀਂ ਸਨ। ਉਹ ਜ਼ਮਾਨੇ ਦੀ ਜਾਂ ਲੋਕਾਂ ਦੀ ਪ੍ਰਵਾਹ ,ਨਹੀਂ ਸਨ ਕਰਕੇ ਅਤੇ ਉਹ ਆਪਣੀ ਹੀ ਮਗਨਤਾ ਵਿਚ ਚੱਲਦੇ ਸਨ ਅਤੇ ਫਿਲਮੀ ਸੰਗੀਤ ਦੇ ਫੈਸ਼ਨ ਵਿਚ ਨਹੀਂ ਸਨ ਚਲਦੇ। ਕੀਰਤਨ ਸਧਾਰਨ ਗੀਤਾਂ ਜਾਂ ਰਾਗਾਂ ਵਿਚ ਹੀ ਕਰਦੇ ਸਨ। ਆਪ ਨੇ ਕੀਰਤਨ ਦੀ ਸ਼ੈਲੀ ਆਪਣੇ

ਵੱਡੇ ਭਰਾ ਭਾਈ ਪਿਆਰਾ ਸਿੰਘ ਜੀ ਵਾਲੀ ਹੀ ਅਪਣਾਈ ਸੀ, ਪਰ ਰਾਗਦਾਰੀ ਵਿਚ ਉਨ੍ਹਾਂ ਦਾ ਆਪਣਾ ਹੀ ਰੰਗ ਸੀ, ਜੋ ਕਿਸੇ ਵੀ ਰਾਗੀ ਨਾਲ ਮੇਲ ਨਹੀਂ ਸੀ ਖਾਂਦਾ। ਸੁਰ ਤੋਂ ਆਸੇ ਪਾਸੇ ਨਾ ਆਪ ਹੁੰਦੇ ਸਨ ਤੇ ਨਾ ਹੀ ਰਾਗੀਆਂ ਨੂੰ ਹੋਣ ਦਿੰਦੇ ਸਨ। ਜਦੋਂ ਕਿਤੇ ਮੈਂ ਵਾਜੇ ਤੇ ਬੈਠਾ ਬੇਸੁਰਾ ਹੋ ਜਾਵਾਂ, ਤਾਂ ਮੇਰੇ ਗੋਡੇ ਤੇ ਆਪਣੇ ਗੋਡਾ ਇਤਨੀ ਜ਼ੋਰ ਦੀ ਮਾਰਦੇ ਸਨ ਕਿ ਇਕ ਵਾਰ ਤਾਂ ਮੇਰੇ ਅਥਰੂ ਨਿਕਲ ਆਉਂਦੇ ਸਨ।

ਭਾਈ ਕਿਰਪਾਲ ਸਿੰਘ ਜੀ ਦਾ ਸਰੀਰ ਤਾਂ ਭਾਵੇਂ ਪਤਲਾ ਸੀ ਪਰ ਸਖਸ਼ੀਅਤ ਦਾ ਪ੍ਰਭਾਵ ਸੀ। ਸਿਰ ਤੇ ਵਧੀਆ ਪਟੀਦਾਰ ਪੱਗ (ਦਸਤਾਰ), ਗਲ ਕਲੀਦਾਰ ਕੁੜਤਾ ਤੇ ਲੱਕ ਚੂੜੀਦਾਰ ਪਜ਼ਾਮਾ। ਗਲ ਵਿਚ ਚਿੱਟਾ ਸਫੈਦ ਹਜ਼ੂਰੀਆ ਆਪ ਨੂੰ ਬੜਾ ਫੱਬਦਾ ਸੀ ਅਤੇ ਜਿਤਨਾ ਚਿਰ ਉਨ੍ਹਾਂ ਡਿਊਟੀ ਕੀਤੀ ਹੈ। ਕਿਤੇ ਸਿਹਤ ਖਰਾਬ ਹੋਵੇ ਤਾਂ ਵੱਖਰੀ ਗੱਲ ਹੈ ਪਰ ਆਪ ਆਪਣੀ ਡਿਊਟੀ ਤੋਂ ਘੱਟੋ ਘੱਟ ਅੱਧਾ ਘੰਟਾ ਜਾਂ 15 ਮਿੰਟ ਪਹਿਲੇ ਪੁੱਜਣਾ ਉਨ੍ਹਾਂ ਦਾ ਨੇਮ ਸੀ। ਭਾਵੇਂ ਕਿਸੇ ਵੀ ਵਕਤ ਕੀਰਤਨ ਕਿਧਰੇ ਵੀ ਕਰਨਾ ਹੋਵੇ, ਆਪ ਕੀਰਤਨ ਤੋਂ ਪਹਿਲਾਂ ਦਸ ਮਿੰਟ ਅੰਤਰ ਧਿਆਨ ਹੋ ਕੇ ਕੋਈ ਪਾਠ ਜਾਂ ਅਰਦਾਸ ਕਰਦੇ ਸਨ। ਪਰ ਇਹ ਕਿਸੇ ਨੂੰ ਵੀ ਅੱਜ ਤਕ ਪਤਾ ਨਹੀਂ ਲੱਗਾ ਕਿ ਉਹ ਕਿਸ ਚੀਜ਼ ਦਾ ਪਾਠ ਜਾਂ ਜਾਪ ਕਰਦੇ ਸਨ। ਪਰ ਉਹ ਪਾਠ ਕਰਨ ਤੋਂ ਬਾਅਦ ਉਨ੍ਹਾਂ ਦੀਆਂ ਅੱਖਾਂ ਲਾਲੀ ਵਿਚ ਆ ਜਾਂਦੀਆਂ ਸਨ ਤੇ ਚਿਹਰਾ ਖਿੜ ਜਾਂਦਾ ਸੀ। ਫਿਰ ਕੀਰਤਨ ਤੇ ਬੈਠ ਜਾਂਦੇ ਸਨ, ਮੇਰੇ ਦੇਖਣ ਵਿਚ ਐਸਾ ਕਦੇ ਨਹੀਂ ਹੋਇਆ ਕਿ ਉਨ੍ਹਾਂ ਦੇ ਕੀਰਤਨ ਦਾ ਪ੍ਰਭਾਵ ਸੰਗਤਾਂ ਤੇ ਨਾ ਪਿਆ ਹੋਵੇ ਜਾਂ ਯਕੀਕਨ ਕਿਤੇ ਫਿੱਕਾ ਪਿਆ ਹੋਵੇ।

ਭਾਈ ਸਾਹਿਬ ਕੋਈ ਖਾਸ ਸਪੈਸ਼ਲ ਪ੍ਰੋਗਰਾਮ ਹੋਵੇ ਤਾਂ ਆਪ ਜੀ ਦਿਲ ਰੁਬਾ ਨਾਲ ਕੀਰਤਨ ਕਰਦੇ ਸਨ ਪਰ ਭਾਈ ਸਾਹਿਬ ਨੂੰ ਹਰਮੋਨੀਅਮ ਵਾਜਾ ਬਹੁਤ ਵਧੀਆ ਰੱਖਣ ਦਾ ਸ਼ੌਕ ਸੀ। ਸੁਰੀਲਾ ਤੇ ਕੀਮਤੀ ਵਾਜਾ ਆਪ ਸਦਾ ਹੀ ਰੱਖਦੇ ਸਨ ਅਤੇ ਉਨ੍ਹਾਂ ਨੇ ਆਪਣੇ ਜੀਵਨ ਵਿਚ ਕਦੇ ਵੀ ਕਿਸੇ ਵੀ ਸਾਜ਼ ਨੂੰ ਥੱਲੇ ਜ਼ਮੀਨ ਤੇ ਨਹੀਂ ਸੀ ਰੱਖਿਆ। ਜੇ ਕਿਤੇ ਐਮਰਜੈਂਸੀ ਵਿਚ ਥੱਲੇ ਬਹਿਣਾ ਪੈ ਵੀ ਜਾਵੇ ਤਾਂ ਸਾਜ਼ ਆਪਣੇ ਗੋਡਿਆਂ ਤੇ ਰਖ ਲੈਂਦੇ ਸਨ ਅਤੇ ਸਚਾਈ ਤੇ ਸਪਸ਼ਟ ਵਾਦ ਤੇ ਕਿਸੇ ਨਾਲ ਸਮਝੌਤਾ ਨਹੀਂ ਸੀ ਕਰਦੇ। ਭਾਵੇਂ ਕਿੰਨਾ ਵੀ ਨੁਕਸਾਨ ਹੋ ਜਾਵੇ। ਇਸੇ ਕਰਕੇ ਲੋਕ ਉਨ੍ਹਾ ਦੀ ਕਦਰ ਵੀ ਕਰਦੇ ਸਨ।

ਸੋ ਭਾਈ ਸਾਹਿਬ ਜੀ ਹਾਲੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਡਿਊਟੀ ਕਰ ਹੀ ਰਹੇ ਸਨ। ਪਰ ਮੈਂ ਛੱਡ ਕੇ ਭਾਈ ਮਾਨ ਸਿੰਘ ਪੰਛੀ ਨਾਲ ਕਾਨਪੁਰ ਚਲਾ ਗਿਆ ਸੀ ਅਤੇ ਉਨ੍ਹਾਂ ਤੋਂ ਬਾਅਦ ਮੈਂ ਕੁਝ ਸਮਾਂ ਭਾਈ ਸੰਤੋਖ ਸਿੰਘ ਅੰਬਾਲੇ ਵਾਲਿਆਂ ਨਾਲ ਵਾਜੇ ਤੇ ਡਿਊਟੀ ਕੀਤੀ ਤੇ ਉਨ੍ਹਾਂ ਤੋਂ ਵੀ ਸਿੱਖਿਆ ਲਈ। ਉਸ ਤੋਂ ਬਾਅਦ ਮੈਂ ਭਾਈ ਕਿਰਪਾਲ ਸਿੰਘ ਨਾਲ ਦੋ ਚਾਰ ਵਾਰ ਮਿਲਿਆ ਦਰਸ਼ਨ ਹੋਏ।, ਪਰ ਫਿਰ ਨਾਲ ਰਹਿਣ ਦਾ ਅਵਸਰ ਨਹੀਂ ਮਿਲਿਆ।

ਮੈਂ ਸੰਨ 2001 ਵਿਚ ਇੰਗਲੈਂਡ ਤੋਂ ਜਦੋਂ ਵਾਪਸ ਆਇਆ ਤਾਂ ਬੜਾ ਮਨ ਸੀ ਕਿ ਉਸਤਾਦ ਜੀ ਨੂੰ ਮਿਲ ਕੇ ਸਤਿਕਾਰ ਵਾਸਤੇ ਕੁਝ ਭੇਟਾ ਲੈ ਕੇ ਜਾਵਾਂ। ਇਹ ਸੋਚਦਿਆਂ ਹੀ ਤਿੰਨ ਚਾਰ ਸਾਲ ਨਿਕਲ ਗਏ ਤੇ ਕੰਮ ਦੇ ਰੁਝੇਵੇਂ ਵਿਚ ਸਮਾਂ ਹੀ ਨਾ ਮਿਲਿਆ। ਤੇ ਪਤਾ ਮੈਨੂੰ ਉਦੋਂ ਲੱਗਾ ਜਦੋਂ ਭਾਈ ਸਾਹਿਬ ਜੀ ਨੂੰ ਚੜ੍ਹਾਈ ਕੀਤਿਆਂ ਛੇ ਮਹੀਨੇ ਹੋ ਚੁੱਕੇ ਸਨ। ਇਹ ਸੁਣ ਕੇ ਮੈਂ ਬੜਾ ਪਛਤਾਇਆ ਕਿ ਮਨਾਂ ਤੇਰੀਆਂ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ।

*425, ਗਲੀ ਨੰ: 1, ਨਿਊ ਬਸੰਤ ਵਿਹਾਰ,*
*ਕਾਕੋਵਾਲ ਰੋਡ, ਲੁਧਿਆਣਾ*

# ਆਓ ਤਲਵੰਡੀ ਸਾਬੋ ਦੀ ਵਿਸਾਖੀ ਵੇਖੀਏ

ਪ੍ਰੋ: ਨਵ ਸੰਗੀਤ ਸਿੰਘ

ਖਾਲਸਾ ਪੰਥ ਦੇ ਪੰਜ ਤਖ਼ਤਾਂ (ਪਟਨਾ ਸਾਹਿਬ, ਅਨੰਦਪੁਰ ਸਾਹਿਬ, ਦਮਦਮਾ ਸਾਹਿਬ, ਹਜ਼ੂਰ ਸਾਹਿਬ ਅਤੇ ਸ੍ਰੀ ਅੰਮ੍ਰਿਤਸਰ) ਵਿੱਚੋਂ ਦਮਦਮਾ ਸਾਹਿਬ ਨੂੰ ਚੌਥੇ ਤਖ਼ਤ ਵਜੋਂ ਮਾਨਤਾ ਪ੍ਰਾਪਤ ਹੈ। ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਦਾ ਕਿਲਾ ਛੱਡਣ ਪਿੱਛੋਂ ਚਮਕੌਰ ਸਾਹਿਬ, ਮਾਛੀਵਾੜਾ, ਦੀਨਾ ਕਾਂਗੜ, ਮੁਕਤਸਰ, ਲੱਖੀ ਜੰਗਲ ਆਦਿ ਅਨੇਕ ਥਾਵਾਂ ਨੂੰ ਆਪਣੇ ਚਰਨ ਕੰਵਲਾਂ ਨਾਲ ਵਰੋਸਾਉਂਦੇ ਹੋਏ 1705 ਈ: ਵਿੱਚ ਚੌਧਰੀ ਡੱਲੇ ਦੀ ਤਲਵੰਡੀ ਆ ਬਿਰਾਜੇ। ਇੱਥੇ ਆ ਕੇ ਇੱਕ ਉਚੀ ਥੜ੍ਹੀ ਤੇ ਬੈਠ ਕੇ ਕਮਰਕਸਾ ਖੋਲ੍ਹਿਆ ਅਤੇ ਦਮ ਲਿਆ, ਜਿਸ ਕਰਕੇ ਇਸ ਪਾਵਨ ਨਗਰੀ ਨੂੰ ਦਮਦਮਾ ਸਾਹਿਬ ਵਜੋਂ ਜਾਣਿਆ ਜਾਣ ਲੱਗ ਪਿਆ। ਇੱਥੋਂ ਹੀ ਦਸ਼ਮੇਸ਼ ਗੁਰੂ ਨੇ ਸਿੱਖ ਸੰਗਤਾਂ ਦੇ ਨਾਮ ਹੁਕਮਨਾਮੇ ਜਾਰੀ ਕਰਕੇ ਇਸ ਨੂੰ ਤਖ਼ਤ ਵਜੋਂ ਮਾਨਤਾ ਪ੍ਰਦਾਨ ਕੀਤੀ।

ਇਹ ਧਾਰਮਿਕ ਤੇ ਇਤਿਹਾਸਿਕ ਨਗਰ ਬਠਿੰਡਾ/ ਰਾਮਾ ਸੜਕ ਉਤੇ ਬਠਿੰਡਾ ਤੋਂ 28 ਕਿ: ਮੀ: ਅਤੇ ਰਾਮਾ ਤੋਂ 13 ਕਿ: ਮੀ: ਦੀ ਦੂਰੀ ਤੇ ਸਥਿੱਤ ਹੈ। ਇਸ ਪਵਿੱਤਰ ਸਰਜ਼ਮੀਨ ਉਤੇ ਗੁਰੂ ਜੀ ਨੇ 9 ਮਹੀਨੇ 9 ਦਿਨ ਦਾ ਲੰਮਾ ਸਮਾਂ ਵਿਸ਼ਰਾਮ ਕੀਤਾ। ਇੱਥੇ ਹੀ ਗੁਰਦੁਆਰਾ ਲਿਖਣਸਰ ਦੇ ਸਥਾਨ ਤੇ ਆਪ ਨੇ ਭਾਈ ਮਨੀ ਸਿੰਘ ਦੇ ਹੱਥੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਵਾਈ, ਜਿਸ ਵਿੱਚ ਗੁਰੂ ਤੇਗ ਬਹਾਦਰ ਦੀ ਬਾਣੀ ਸ਼ਾਮਿਲ ਕਰਕੇ ਇਸ ਨੂੰ ਸੰਪੂਰਨਤਾ ਦਿੱਤੀ। ਗੁਰੂ ਗ੍ਰੰਥ ਸਾਹਿਬ ਦੇ ਅਜੋਕੇ ਸਰੂਪ ਨੂੰ, ਜੋ ਦਮਦਮਾ ਸਾਹਿਬ ਵਿਖੇ ਸੰਪੂਰਨ ਹੋਇਆ, ਦਮਦਮੀ ਬੀੜ ਵਜੋਂ ਜਾਣਿਆ ਜਾਂਦਾ ਹੈ। ਇੱਥੇ ਹੀ ਆਪ ਜੀ ਨੇ ਬਚੀ ਹੋਈ ਸਿਆਹੀ ਤੇ ਕਲਮਾਂ ਸਰੋਵਰ ਦੇ ਪਾਣੀ ਵਿੱਚ ਵਹਾ ਕੇ ਇਸ ਕਸਬੇ ਨੂੰ ਗੁਰੂ ਕੀ ਕਾਂਸ਼ੀ ਹੋਣ ਦਾ ਵਰਦਾਨ ਦਿੱਤਾ। ਗੁਰਬਿਲਾਸ ਪਾਤਸ਼ਾਹੀ ਦਸਵੀਂ ਦੇ ਅੰਤਰਗਤ ਭਾਈ ਸੁਖਾ ਸਿੰਘ ਨੇ ਇਸ ਸਬੰਧੀ ਇਉਂ ਅੰਕਿਤ ਕੀਤਾ ਹੈ:

*ਇਹ ਹੈ ਪ੍ਰਗਟ ਹਮਾਰੀ ਕਾਂਸ਼ੀ।*
*ਪੜ੍ਹ ਹੈਂ ਈਹਾਂ ਢੋਰ ਮਤਿ ਰਾਸੀ।*
*ਲੇਖਕ ਗੁਨੀ ਕਵਿੰਦ ਗਿਆਨੀ।*
*ਬੁਧਿ ਸਿਧੁ ਹੈ ਹੈਂ ਇਤਿ ਆਨੀ।*
*ਤਿਨ ਕੇ ਕਾਰਣ ਕਲਮ ਗਢ, ਦੇ ਪ੍ਰਗਟ ਹਮ ਡਾਰ।*
*ਸਿਖ ਸਖਾ ਇਤਿ ਪੜੈਂਗੇ, ਹਮਰੇ ਕਈ ਹਜ਼ਾਰ।*

ਚੌਧਰੀ ਡੱਲੇ ਨੂੰ ਆਪਣੇ ਬਰਾੜ ਯੋਧਿਆਂ ਤੇ ਬੜਾ ਮਾਣ ਸੀ ਤੇ ਉਹ ਅਕਸਰ ਇਸ ਦਾ ਜ਼ਿਕਰ ਗੁਰੂ ਜੀ ਕੋਲ ਕਰਿਆ ਕਰਦਾ ਸੀ। ਇੱਕ ਦਿਨ ਅਜਿਹੇ ਹੀ ਸਮੇਂ ਗੁਰੂ ਜੀ ਨੇ ਲਾਹੌਰ ਵਾਸੀ ਭਾਈ ਉਦੈ ਸਿੰਘ ਵੱਲੋਂ ਭੇਟਾ ਕੀਤੀ ਬੰਦੂਕ ਦਾ ਨਿਸ਼ਾਨਾ ਪਰਖਣ ਲਈ ਡੱਲੇ ਨੂੰ ਆਪਣੇ ਬਰਾੜ ਸਿਪਾਹੀ ਭੇਜਣ ਲਈ ਕਿਹਾ। ਪਰ ਡੱਲੇ ਦੇ ਸਿਪਾਹੀ ਅਣਿਆਈ ਮੌਤ ਮਰਨ ਤੋਂ ਜਵਾਬ ਦੇ ਗਏ। ਗੁਰੂ ਜੀ ਨੇ ਡੱਲੇ ਦਾ ਹੰਕਾਰ ਤੋੜਨ ਲਈ ਆਪਣੇ ਗੁਰ ਸਿੱਖਾਂ ਨੂੰ ਬੰਦੂਕ ਦਾ ਨਿਸ਼ਾਨਾ ਬਨਣ ਦਾ ਹੁਕਮ ਦਿੱਤਾ ਤਾਂ ਇੱਕ ਦੀ ਥਾਂ ਦੋ ਵਿਅਕਤੀ ਬੀਰ ਸਿੰਘ ਤੇ ਧੀਰ ਸਿੰਘ (ਜੋ ਪਿਉ -ਪੁੱਤਰ ਸਨ) ਬੰਦੂਕ ਦੇ ਮੂਹਰੇ ਛਾਤੀਆਂ ਤਾਣ ਕੇ ਖੜ ਗਏ। ਗੁਰੂ ਜੀ ਨੇ ਬੰਦੂਕ ਦਾ ਨਿਸ਼ਾਨਾ ਉਹਨਾਂ ਦੇ ਉਪਰੋਂ ਲੰਘਾ ਦਿੱਤਾ। ਇਹ ਕੌਤਕ ਵੇਖ ਕੇ ਡੱਲੇ ਨੇ ਖੁਦ ਨੂੰ ਗੁਰੂ ਦੇ ਅੱਗੇ ਸਮਰਪਿਤ ਕਰ ਦਿੱਤਾ। ਗੁਰੂ ਜੀ ਨੇ ਉਸ ਨੂੰ ਮੁਆਫ਼ ਕੀਤਾ ਤੇ ਆਪਣੀਆਂ ਕੁਝ ਨਿਸ਼ਾਨੀਆਂ (ਸ੍ਰੀ ਸਾਹਿਬ, ਵੱਡੀ ਤੇ ਛੋਟੀ ਦਸਤਾਰ, ਵੱਡਾ ਤੇ ਛੋਟਾ ਚੋਲਾ,ਬਾਜ਼ ਦੀ ਡੋਰ, ਰੇਬ ਪਜਾਮਾ, ਛੋਟੇ ਸਾਈਜ਼ ਦੀ ਬੀੜ ਆਦਿ ਦਿੱਤੀਆਂ। ਜਿਹਨਾਂ ਦੇ ਦਰਸ਼ਨ ਹਰ ਰੋਜ਼ ਸਵੇਰ ਤੋਂ ਸ਼ਾਮ ਤੱਕ ਡੱਲੇ ਦੇ ਖਾਨਦਾਨ ਵੱਲੋਂ ਆਪਣੇ ਘਰ ਵਿੱਚ ਸੰਗਤਾਂ ਨੂੰ ਕਰਵਾਏ ਜਾਂਦੇ ਹਨ।

ਦਿੱਲੀ ਤੋਂ ਭਾਈ ਮਨੀ ਸਿੰਘ ਦੇ ਨਾਲ ਪੁੱਜੇ ਗੁਰੂ ਮਹਿਲਾਂ ਨੇ ਇੱਥੇ ਦਰਬਾਰ ਵਿੱਚ ਆਪਣੇ ਪੁੱਤਰਾਂ ਦੀ ਗੈਰਹਾਜ਼ਰੀ ਵੇਖੀ ਤਾਂ ਦਸਮ ਗੁਰੂ ਤੋਂ ਇਸ ਬਾਰੇ ਪੁੱਛਿਆ। ਗੁਰੂ ਜੀ ਨੇ ਭਰੀ ਹੋਈ ਖਾਲਸਾ ਸੰਗਤ ਵੱਲ ਇਸ਼ਾਰਾ ਕਰਕੇ ਕਿਹਾ:

*ਇਨ ਪੁਤਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ।*
*ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ।*

ਗੁਰੂ ਗੋਬਿੰਦ ਸਿੰਘ ਨੇ ਇਸੇ ਸਥਾਨ ਤੇ ਆਪਣੀ

ਠਹਿਰ ਦੌਰਾਨ 1706 ਈ: ਦੀ ਵਿਸਾਖੀ ਨੂੰ ਕਰੀਬ ਸਵਾ ਲੱਖ ਪ੍ਰਾਣੀਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ। ਜਿਸ ਦੀ ਪੁਸ਼ਟੀ ਅੰਗਰੇਜ਼ ਲੇਖਕ ਡਾ: ਟਰੰਪ ਨੇ ਵੀ ਕੀਤੀ ਹੈ ਭਾਵੇਂ ਅਨੰਦਪੁਰ ਸਾਹਿਬ ਖਾਲਸੇ ਦੀ ਜਨਮ ਭੂਮੀ ਹੈ,ਜਿੱਥੇ 1699 ਈ: ਵਿੱਚ ਗੁਰੂ ਜੀ ਨੇ ਖਾਲਸੇ ਦੀ ਸਿਰਜਨਾ ਕੀਤੀ ਸੀ, ਪਰ ਕਿਉਂ ਕਿ ਦਮਦਮਾ ਸਾਹਿਬ ਵਿਖੇ ਵੀ ਗੁਰੂ ਜੀ ਨੇ ਅੰਮ੍ਰਿਤ ਸੰਚਾਰ ਕੀਤਾ, ਇਸ ਲਈ ਇੱਥੇ ਵਿਸਾਖੀ ਦਾ ਜੋੜ ਮੇਲਾ ਹਰ ਸਾਲ ਭਾਰੀ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਕਰੀਬ ਇੱਕ ਹਫ਼ਤਾ ( 10 ਤੋਂ 16 ਅਪ੍ਰੈਲ ਤੱਕ) ਲੋਕਾਂ ਦਾ ਜਲੌਅ ਵੇਖਣ ਵਾਲਾ ਹੁੰਦਾ ਹੈ। ਇਸ ਅਸਥਾਨ ਤੇ ਹਰ ਮਹੀਨੇ ਦੀ ਮਸਿਆ ਅਤੇ ਹਰ ਐਤਵਾਰ ਨੂੰ ਅੰਮ੍ਰਿਤ ਸੰਚਾਰ ਹੁੰਦਾ ਹੈ। ਪਿਛਲੇ ਵਰ੍ਹੇ (29 ਜਨਵਰੀ 2006 ਨੂੰ) ਪੰਜਾਂ ਤਖ਼ਤਾਂ ਦੇ ਜਥੇਦਾਰਾਂ ਵੱਲੋਂ ਵਿਸ਼ੇਸ਼ ਤੌਰ ਤੇ ਅੰਮ੍ਰਿਤ ਸੰਚਾਰ ਕੀਤਾ ਗਿਆ ਸੀ। ਵਿਸਾਖੀ ਦੇ ਦਿਨਾਂ ਵਿੱਚ ਦਰਸ਼ਕਾਂ ਦੇ ਮਨੋਰੰਜਨ ਲਈ ਝੂਲੇ ਸਰਕਸ, ਹੈਰਤਅੰਗੇਜ਼ ਕਰਤਬਾਂ ਦੀਆਂ ਆਈਟਮਾਂ ਵਿਸ਼ੇਸ਼ ਖਿੱਚ ਦਾ ਕਾਰਨ ਬਣਦੀਆਂ ਹਨ।

ਅੱਜ ਤੋਂ ਕਰੀਬ 300 ਸਾਲ ਪਹਿਲਾਂ ਗੁਰੂ ਜੀ ਦਿੱਤੇ ਵਰਦਾਨ (ਗੁਰੂ ਕੀ ਕਾਂਸ਼ੀ) ਨਿਰੰਤਰਤਾ ਨਾਲ ਫਲੀਭੂਤ ਹੋ ਰਹੇ ਹਨ। 1962 ਵਿੱਚ ਇੱਥੇ ਸਭ ਤੋਂ ਪਹਿਲੀ ਉਚ -ਵਿਦਿਆ ਸੰਸਥਾ ਗੁਰੂ ਕਾਂਸ਼ੀ ਕਾਲਜ ਬਣੀ, 1988 ਵਿੱਚ ਗੁਰੂ ਕਾਂਸ਼ੀ ਕੈਂਪਸ ਸਥਾਪਿਤ ਹੋਇਆ, 1997 ਵਿੱਚ ਮਾਤਾ ਸਾਹਿਬ ਕੌਰ ਗਰਲਜ਼ ਕਾਲਜ, 2004 ਵਿੱਚ ਯਾਦਵਿੰਦਰਾ ਇੰਜਨੀਅਰਿੰਗ ਕਾਲਜ ਅਤੇ ਇਸੇ ਤਰਾਂ ਗੁਰੂ ਕਾਂਸ਼ੀ ਗੁਰਮਤਿ ਵਿਦਿਆਲਾ, ਗੁਰੂ ਗੋਬਿੰਦ ਸਿੰਘ ਪਾਲੀਟੈਕਨਿਕ, ਗੁ: ਗੋਬਿੰਦ ਸਿੰਘ ਕਾਲਜ ਆਫ ਐਜੂਕੇਸ਼ਨ, ਹੋਰ ਉਚ ਵਿਦਿਆ ਦੀਆਂ ਸੰਸਥਾਵਾਂ ਨਿਰੰਤਰ ਪ੍ਰਗਤੀ ਦੇ ਮਾਰਗ ਤੇ ਅੱਗੇ ਵਧ ਰਹੀਆਂ ਹਨ।

ਗ:ਕ:ਕਾਲਜ,ਤਲਵੰਡੀ ਸਾਬੋ (ਬਠਿੰਡਾ)

# ਦਸਤਕ

## ਜਗਤਾਰਜੀਤ

ਦਸਤਕ ਸੁਣ
ਜਦ ਕਿਵਾੜ ਖੋਲ੍ਹੇ
ਲੋਅ ਦਾ ਸਮੁੰਦਰ ਮੁਖਾਤਿਬ ਸੀ
ਉਸ 'ਚੋਂ ਨਿਕਲੇ ਬੋਲ
ਕੰਨੀਂ ਪਏ
"ਮੈਂ ਹਾਂ
ਮੇਰੇ ਨਾਲ ਰਬਾਬ ਹੈ"

ਹੈਰਾਨ
ਬੇ-ਬੋਲ ਖੜ੍ਹਾ ਦੇਖਦਾ ਰਿਹਾ
ਕਿਸ ਨੂੰ ਕਹਾਂ
ਕਿਵੇਂ ਕਹਾਂ
"ਅੰਦਰ ਲੰਘ ਆਓ"

ਉਹ ਤਾਂ ਪਹਿਲਾਂ ਹੀ
ਦਾਖਲ ਹੋ ਚੁੱਕਾ ਸੀ ਘਰ ਅੰਦਰ

ਦਰੋਂ ਬਾਹਰ ਖੜ੍ਹੇ ਚਾਨਣ 'ਚੋਂ
ਆਵਾਜ਼ ਮੁੜ ਗੂੰਜੀ
"ਮੈਂ ਫੇਰ ਆਵਾਂਗਾ
ਮੇਰੇ ਕੋਲ
ਇਹ ਰਬਾਬ ਹੈ
ਤੂੰ ਇਸ ਨੂੰ
ਆਪਣੇ ਕੋਲ ਰੱਖ"

ਗੁਰੂ ਦਾ ਸਾਜ਼ ਕੀ ਆਇਆ
ਜਿਵੇਂ ਘਰ ਬ੍ਰਹਿਮੰਡ ਆ ਵਸਿਆ
ਬਾਣੀ ਰਬਾਬ 'ਤੇ ਸੁਰ ਹੋਈ
ਚੁਤਰਫੋਂ ਗੂੰਜਦੀ ਸੁਣਦੀ

ਵਿਸਰੇ ਦਿਨ, ਮੌਸਮਾਂ ਦੇ ਰੰਗ
ਹਾਲਾਤ ਵੀ ਭੁੱਲੇ
ਉਹ ਵੀ ਦਿਨ ਸਨ
ਦਿਨਾਂ ਵਰਗੇ
ਆਪਣੇ ਵੀ ਪਰਾਏ ਵੀ

ਧੁਖਦੇ ਜਗਤ ਨੂੰ
ਨਾ ਆਏ ਰਾਸ ਬੋਲ ਬਾਣੀ ਦੇ
ਨਾ ਰਬਾਬ ਦੇ ਸੁਰਾਂ ਨੇ ਠੰਡ ਵਰਤਾਈ
ਮੇਰਾ ਘਰ
ਸੂਲ ਬਣ ਚੁੱਭਣ ਲੱਗਾ

ਮੁਹੱਲੇ ਵਿਚ
ਅੱਖ ਦੇ ਇਸ਼ਾਰੇ ਨਾਲ
ਵੱਖ ਕੀਤਾ ਜਾਣ ਲੱਗਾ
ਸ਼ਹਿਰ ਵਿਚ ਮੈਨੂੰ

ਕਹਾਂ ਕਿਸ ਨੂੰ
ਕੌਣ ਆਇਆ ਸੀ
ਕੋਈ ਨਹੀਂ ਸੁਣਦਾ
ਨਾ ਵਿਹਲ ਹੈ ਕਿਸੇ ਕੋਲ
ਠਹਿਰਣ ਦਾ
ਮੈਂ ਸੱਚ ਦੀ ਗੱਠੜੀ
ਝੂਠ ਵਾਂਗ ਲੁਕੋਈ ਫਿਰਦਾ ਹਾਂ

ਦੇਖਦਾ ਹਾਂ
ਹਰ ਕੋਈ ਰੁੱਝ ਗਿਆ
ਆਪਣੇ ਕੰਮ ਦੇ ਅੰਦਰ

ਕਿਸੇ ਨੇ ਬੋਲਾਂ ਨੂੰ ਰੰਦਣਾ ਸ਼ੁਰੂ ਕੀਤਾ
ਕਿਸੇ ਨੇ ਲੋਹਾ ਚੰਡਣਾ ਸ਼ੁਰੂ ਕੀਤਾ
ਕੋਈ ਬਲਦੀ ਅੱਗ ਵਿਚ
ਆਪਣੀ ਅੱਗ ਰਲਾਉਣ ਲਈ
ਤਿਆਰ ਬੈਠਾ ਸੀ

ਇਕ ਸ਼ਾਮ ਸਾਰਾ ਲਸ਼ਕਰ
ਬੂਹੇ 'ਤੇ ਆਣ ਢੁੱਕਾ ਸੀ
ਮੈਂ ਘਰੋਂ ਬਾਹਰ ਗਲੀਆਂ ਵਿਚ
ਗਲੀਓਂ ਰੜੇ ਮੈਦਾਨ ਜਾ ਪੁੱਜਾ

ਓਥੋਂ ਖੂਬ ਦਿਸਦਾ ਸੀ
ਰਕਸ ਅਗਨ ਜੀਭਾਂ ਦਾ
ਧੂੰਏਂ ਦੇ ਪਰਦਿਆਂ ਓਹਲੋਂ

ਤਦੇ ਅੰਬਰੋਂ ਉਤਰੀ ਲੋਅ ਨੇ
ਆ ਘੇਰਿਆ ਮੈਨੂੰ
ਓਹੀ ਆਵਾਜ਼ ਕੰਨਾਂ 'ਚ ਫਿਰ ਗੂੰਜੀ
"ਮੈਂ ਹਾਂ
ਬਿਨਾਂ ਰਬਾਬ ਦੇ
ਕਾਇਨਾਤ ਸੁਰ ਨਹੀਂ ਹੁੰਦੀ
ਇਹਦੇ ਬਿਨਾਂ
ਮੇਰੇ ਬੋਲ
ਮੈਨੂੰ ਆਪਣੇ ਨਹੀਂ ਲੱਗਦੇ"

# ਮਰਦਾਨੇ ਤੇਰੇ ਦੀ ਮੈਂ ਹੋਵਾਂ ਰਬਾਬ

ਡਾ. ਤੇਜ ਪਾਲ ਸਿੰਘ 'ਤੇਜ'

ਐ ਬਾਬਾ ਨਾਨਕ, ਮਿਹਰੀ ਤੇਰੀ ਹੋਵੇ,
ਮਰਦਾਨੇ ਤੇਰੇ ਦੀ ਮੈਂ ਹੋਵਾਂ ਰਬਾਬ।
ਜਿਥੇ ਤੂੰ ਜਾਏਂ ਮੈਂ ਨਾਲ ਹੋਵਾਂ,
ਵਿਚ ਇਸ਼ਾਰੇ ਤੇਰੇ ਦੀ ਮੈਂ ਰਹਾਂ ਤਾਬ।
ਮਰਦਾਨੇ ਤੇਰੇ ਦੀ ਮੈਂ ਹੋਵਾਂ ਰਬਾਬ।

ਐ ਬਾਬਾ ਨਾਨਕ, ਮਿਹਰੀ ਤੇਰੀ ਹੋਵੇ,
ਮਰਦਾਨੇ ਤੇਰੇ ਦੀ ਮੈਂ ਹੋਵਾਂ ਰਬਾਬ।
'ਧੁਰ ਕੀ ਬਾਣੀ' ਤੇਰੇ ਬੁੱਲ੍ਹਾਂ ਤੇ ਆਏ,
ਇਹ ਛੇੜੇ ਹਰ ਇਕ ਤਾਰ ਮੇਰੀ
ਹੋਵਾਂ ਮੈਂ ਗੱਦ ਗੱਦ ਬੇ-ਹਿਸਾਬ
ਮਰਦਾਨੇ ਤੇਰੇ ਦੀ ਮੈਂ ਹੋਵਾਂ ਰਬਾਬ।

ਐ ਬਾਬਾ ਨਾਨਕ, ਮਿਹਰੀ ਤੇਰੀ ਹੋਵੇ,
ਮਰਦਾਨੇ ਤੇਰੇ ਦੀ ਮੈਂ ਹੋਵਾਂ ਰਬਾਬ।
'ਜੈਸੀ ਮੈਂ ਆਵੈ ਖ਼ਸਮ ਕੀ ਬਾਣੀ'
ਤੈਸੜਾ ਕਰ ਤੂੰ ਗਿਆਨ,
ਮੈਂ ਛੋਹ ਮਰਦਾਨੇ ਦੀ ਨੂੰ ਹੋਵਾਂ ਬੇਤਾਬ
ਮਰਦਾਨੇ ਤੇਰੇ ਦੀ ਮੈਂ ਹੋਵਾਂ ਰਬਾਬ।

ਐ ਬਾਬਾ ਨਾਨਕ, ਮਿਹਰੀ ਤੇਰੀ ਹੋਵੇ,
ਮਰਦਾਨੇ ਤੇਰੇ ਦੀ ਮੈਂ ਹੋਵਾਂ ਰਬਾਬ।
ਧੁਨ ਰੱਬੀ ਬਾਣੀ ਦੀ ਜਦ ਤੂੰ ਲਾਵੇਂ,
ਧੜਕਨ ਮੇਰੇ ਤੂੰਬੇ ਦੀ ਵਧਾਵੇਂ,
ਵਿਸਮਾਦ ਬਣ ਜਾਏ ਮੇਰਾ ਨਾਦ,
ਮਰਦਾਨੇ ਤੇਰੇ ਦੀ ਮੈਂ ਹੋਵਾਂ ਰਬਾਬ।

ਐ ਬਾਬਾ ਨਾਨਕ, ਮਿਹਰੀ ਤੇਰੀ ਹੋਵੇ,
ਮਰਦਾਨੇ ਤੇਰੇ ਦੀ ਮੈਂ ਹੋਵਾਂ ਰਬਾਬ।
ਜਿਥੇ ਤੂੰ ਜਾਏਂ ਮੈਂ ਨਾਲ ਜਾਵਾਂ,
ਵਿਚ ਇਸ਼ਾਰੇ ਤੇਰੇ ਦੀ ਮੈਂ ਰਹਾਂ ਤਾਬ,
ਕੁਝ ਤਾਰਾਂ ਤੂੰਬਾ ਤੇ ਇਕ ਖੋਲ,
ਮਰਦਾਨੇ ਸਜਾਇਆ ਮੇਰਾ ਵਜੂਦ,
ਅੰਮ੍ਰਿਤ ਬਾਣੀ ਕੀਤਾ ਅਮਰ ਮੈਨੂੰ ਬਾਗ-ਮ-ਬਾਗ
ਮਰਦਾਨੇ ਤੇਰੇ ਦੀ ਮੈਂ ਹੋਵਾਂ ਰਬਾਬ।

ਐ ਬਾਬਾ ਨਾਨਕ, ਮਿਹਰੀ ਤੇਰੀ ਹੋਵੇ,
ਮਰਦਾਨੇ ਤੇਰੇ ਦੀ ਮੈਂ ਹੋਵਾਂ ਰਬਾਬ।
ਜਿਥੇ ਤੂੰ ਜਾਏਂ ਮੈਂ ਨਾਲ ਜਾਵਾਂ,
ਵਿਚ ਇਸ਼ਾਰੇ ਤੇਰੇ ਦੀ 'ਤੇਜ' ਰਹੇ ਤਾਬ
ਮਰਦਾਨੇ ਤੇਰੇ ਦੀ ਮੈਂ ਹੋਵਾਂ ਰਬਾਬ।

# ਸੁਰ ਲਿਪੀ

ਹਰਦੀਪ ਕੌਰ

*ਰਾਗੁ ਸੋਰਠਿ*

ਰਾਗ ਸੋਰਠਿ ਬਾਰੇ ਗੁਰੂ ਨਾਨਕ ਦੇਵ ਜੀ ਦਾ ਬਾਣੀ ਵਿਚ ਫੁਰਮਾਨ ਹੈ:

"ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ" (ਰਾਗ ਸੋਰਠਿ ਵਾਰ ਮ: ੪ ਕੀ, ਪੰਨਾ 642)

ਸਲੋਕ ਵਾਰ ਵਿਚ ਗੁਰੂ ਰਾਮਦਾਸ ਜੀ ਬਖਸ਼ਿਸ਼ ਕਰਦੇ ਹੋਏ ਫੁਰਮਾਉਂਦੇ ਹਨ:

"ਸੋਰਠਿ ਤਾਮਿ ਸੁਹਾਵਣੀ ਜਾ ਹਰਿ ਨਾਮੁ ਢੰਢੋਲੇ" (ਪੰਨਾ 642)

ਸਲੋਕ ਵਾਰਾਂ ਤੇ ਵਧੀਕ ਵਿਚ ਪੰਚਮ ਪਾਤਸ਼ਾਹ ਜੀ ਨੇ ਸੋਰਠਿ ਰਾਗ ਦੀ ਰਸ ਭਰਪੂਰ ਪ੍ਰਕ੍ਰਿਤੀ ਉਤੇ ਆਪਣੀ ਮੋਹਿਰ ਲਾ ਦਿੱਤੀ।

'ਸੋਰਠ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ
ਨਾਨਕ ਰਾਮ ਨਾਮਿ ਗੁਣ ਗਾਈਅਹਿ ਦਰਗਹ ਨਿਰਮਲ ਸੋਇ" (ਪੰਨਾ 1425)

ਇਸ ਰਾਗ ਦੀ ਰਚਨਾ ਖਮਾਜ ਥਾਟ ਤੋਂ ਹੋਈ ਮੰਨੀ ਜਾਂਦੀ ਹੈ। ਇਸ ਵਿਚ ਦੋਵੇਂ ਨਿਸ਼ਾਦ ਅਤੇ ਹੋਰ ਸੁਰ ਸ਼ੁੱਧ ਲੱਗਦੇ ਹਨ। ਆਰੋਹ ਵਿਚ ਸ਼ੁਧ ਨਿਸ਼ਾਦ ਅਤੇ ਅਵਰੋਹ ਵਿਚ ਕੋਮਲ ਨਿਸ਼ਾਦ ਵਰਤੇ ਜਾਂਦੇ ਹਨ। ਆਰੋਹ ਵਿਚ ਗੰਧਾਰ ਅਤੇ ਧੈਵਤ ਵਰਜਿਤ ਹਨ, ਅਵਰੋਹ ਵਿਚ ਗੰਧਾਰ ਦੁਰਬਲ ਹੋ ਕੇ ਲਗਦਾ ਹੈ, ਅਵਰੋਹ ਵਿਚ ਛੇ ਸੁਰ ਲੱਗਦੇ ਹਨ। ਇਸ ਲਈ ਇਸ ਦੀ ਜਾਤੀ ਔਡਵ-ਸ਼ਾਡਵ ਹੈ। ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਪੰਚਮ ਹੈ। ਇਸ ਦੇ ਗਾਉਣ ਦਾ ਸਮਾਂ ਰਾਤ ਦਾ ਦੂਸਰਾ ਪਹਿਰ ਹੈ।

**ਥਾਟ** - ਖਮਾਜ (ਦੋਨੋਂ 'ਨ') **ਜਾਤੀ** - ਔਡਵ - ਸ਼ਾਡਵ (ਆਰੋਹ ਵਿਚ 'ਗ' ਅਤੇ 'ਧ' ਵਰਜਿਤ)

**ਸਮਾਂ** - ਰਾਤ ਦਾ ਦੂਸਰਾ ਪਹਿਰ **ਵਾਦੀ** - ਰ **ਸੰਵਾਦੀ** - ਪ

**ਆਰੋਹ** - ਸ ਰ ਮ ਪ ਨ ਸਂ। **ਅਵਰੋਹ** - ਸਂ ਰਂ ਨੁ ਧ, ਮ ਪ ਧ ਮ$^{ਗ}$ ਰ ਨ਼ ਸ।

**ਮੁੱਖ ਅੰਗ** - ਸ ਰ, ਮ ਪ, ਨੁ ਧ, ਪ, ਧ ਮ, ਰ ਸ।

ਤਾਲ ਝਪ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| **X** | | **2** | | | **0** | | **3** | | |
| ਸਥਾਈ | | | | | | | | | |
| ਰ | ਰ | ਮ | ਰ | ਮ | ਪ | ਪ | ਧਪ | ਧਪ | ਪ |
| *ਮ* | *ਨ* | *ਕੀ* | ऽ | ऽ | *ਮ* | *ਨ* | *ਹੀ* | ऽऽ | ऽ |
| R | R | M | R | M | P | P | DP | DP | P |
| *MA* | *N* | *KEE* | - | - | *MA* | *N* | *HEE-* | -- | - |
| ਮ | ਮ | ਪ | ਮ | ਪਮ | ਗ | ਰ | ਸ | ਸ | ਸ |
| *ਮਾ* | ऽ | *ਹਿ* | ऽ | *ਰ* | *ਹੀ* | ऽ | ऽ | ऽ | ऽ |
| M | M | P | M | PM | G | R | S | S | S |
| *MAA* | - | *HI* | - | *RA-* | *HEE* | - | - | - | - |

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| X | | | 0 | | | X | | | 0 |
| ਰ | ਰ | ਮ | ਮ | ਮ | ਪ | ਪ | ਮਪ | ਮਪ | ਪ |
| ਨਾ | ऽ | ਹ | ऽ | ਰਿ | ਭ | ऽ | ਜੇऽ | ऽऽ | (ਨ) |
| R | R | M | M | M | P | P | MP | MP | P |
| *NAA* | - | *HA* | - | *R* | *BHA* | - | *JAY-* | -- | -(NA) |
| ਨ | ਨ | ਸਂ | - | ਸਂ | ਨਧ | ਨਧ | ਪ | - | ਪ |
| ਤੀ | ऽ | ਰ | ऽ | ਥ | ਸੇऽ | ऽऽ | ਵੇ | ऽ | ऽ |
| N | N | Ṡ | - | Ṡ | ND | ND | P | - | P |
| *TI* | -- | *RA* | - | *TH* | *SAY-* | -- | *VAY* | - | - |
| ਨ | ਨ | ਸਂ | - | ਸਂਰਂ | ਨ | ਧ | ਪ | - | ਪ |
| ਚੋ | ਟੀ | ਕਾ | ऽ | ਲਿਗ | ਹੀ | ऽ | ऽ | ऽ | ऽ |
| N | N | Ṡ | - | ṠṘ | N | D | P | - | P |
| ***CHO*** | ***TEE*** | ***KAA*** | - | ***LGA*** | ***HEE*** | - | - | - | - |
| **ਅੰਤਰਾ** | | | | | | | | | |
| ਮ | ਰ | ਮ | ਪ | ਪ | ਨ | ਨ | ਸਂ | - | ਸਂ |
| ਦਾ | ऽ | ਰਾ | ऽ | ऽ | ਮੀ | ऽ | ਤ | ऽ | ऽ |
| M | R | M | P | P | N | N | Ṡ | - | Ṡ |
| *DAA* | - | *RAA* | - | - | *MEE* | - | *T* | - | - |
| ਰਂ | ਰਂ | ਸਂ | ਸਂ | ਸਂ | ਨ | ਧ | ਪ | - | ਪ |
| ਪੁ | ਤ | ਰ | ऽ | ਥ | ਸੰ | ऽ | ਪ | ऽ | ਤਿ |
| Ṙ | Ṙ | Ṡ | Ṡ | Ṡ | N | D | P | - | P |
| *POO* | *T* | *RA* | - | *TH* | *SAM* | - | *PA* | - | *T* |
| ਪ | ਪ | ਨ | - | ਨ | ਸਂ | - | ਸਂ | - | - |
| ਧ | ਨ | ਪੁ | ऽ | ऽ | ਰ | ਨ | ਸ | ऽ | ਭ |
| P | P | N | - | N | Ṡ | - | Ṡ | - | - |
| *DHA* | *N* | *POO* | - | - | *RA* | *N* | *SA* | - | *BH* |
| ਰਂ | ਰਂ | ਸਂ | - | ਸਂ | ਨ | ਧ | ਪ | - | - |
| ਮ | ऽ | ऽ | ऽ | ऽ | ਹੀ | ऽ | ऽ | ऽ | ऽ |
| Ṙ | Ṙ | Ṡ | - | Ṡ | N | D | P | - | - |
| *MA* | - | - | - | - | *HEE* | - | - | - | - |

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਹਰਦੀਪ ਕੌਰ

ਸੋਰਠਿ ਮਹਲਾ ੯ ॥
ਮਨ ਕੀ ਮਨ ਹੀ ਮਾਹਿ ਰਹੀ ॥
ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ ॥੧॥
ਰਹਾਉ ॥

**Sorat'h, Ninth Mehl:**
The mind remains in the mind. He does not meditate on the Lord, nor does he perform service at sacred shrines, and so death seizes him by the hair. ||1|| Pause||

(ਹੇ ਭਾਈ! ਵੇਖੋ, ਮਾਇਆ ਧਾਰੀ ਦੀ ਮੰਦ-ਭਾਗਤਾ! ਉਸ ਦੇ) ਮਨ ਦੀ ਆਸ ਮਨ ਵਿਚ ਹੀ ਰਹਿ ਗਈ। ਨਾਹ ਉਸਨੇ ਪ੍ਰਮਾਤਮਾ ਦਾ ਭਜਨ ਕੀਤਾ, ਨਾਹ ਹੀ ਉਸ ਨੇ ਸੰਤ ਜਨਾਂ ਦੀ ਸੇਵਾ ਕੀਤੀ, ਤੇ, ਮੌਤ ਨੇ ਬੋਦੀ ਆ ਫੜੀ ॥੧॥
ਰਹਾਉ ॥

ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭ ਮਹੀ ॥
ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ ॥੧॥

Wife, friend, children, carriages, property, total wealth, the entire world–know that all of these things are false. The Lord's meditation alone is true.||1||

ਹੇ ਭਾਈ! ਇਸਤ੍ਰੀ, ਮਿੱਤਰ, ਪੁੱਤਰ, ਗੱਡੀਆਂ, ਮਾਲ-ਅਸਬਾਬ, ਧਨ-ਪਦਾਰਥ ਸਾਰੀ ਹੀ ਧਰਤੀ - ਇਹ ਸਭ ਕੁਝ ਨਾਸਵੰਤ ਸਮਝੋ। ਪ੍ਰਮਾਤਮਾ ਦਾ ਭਜਨ (ਹੀ) ਅਸਲ (ਸਾਥੀ) ਹੈ ॥੧॥

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥
ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥੨॥੨॥
(ਪੰਨਾ 631)

Wandering, wandering around for so many ages, he has grown weary, and finally, he obtained this human body. Says Nanak, this is the opportunity to meet the Lord; why don't you remember Him in meditation? ||2||2

ਹੇ ਭਾਈ! ਕਈ ਜੁਗ (ਜੂਨਾਂ ਵਿਚ) ਭਟਕ ਭਟਕ ਕੇ ਤੂੰ ਥੱਕ ਗਿਆ ਸੀ। (ਹੁਣ) ਤੈਨੂੰ ਮਨੁੱਖਾ ਸਰੀਰ ਲੱਭਾ ਹੈ। ਨਾਨਕ ਆਖਦਾ ਹੈ-(ਹੇ ਭਾਈ! ਪ੍ਰਮਾਤਮਾ ਨੂੰ) ਮਿਲਣ ਦੀ ਇਹੀ ਵਾਰੀ ਹੈ, ਹੁਣ ਤੂੰ ਸਿਮਰਨ ਕਿਉਂ ਨਹੀਂ ਕਰਦਾ?।੨।੨।